ੴ ਸਤਿਗੁਰ ਪ੍ਰਸਾਦਿ ॥

# ਤਵਾਰੀਖ ਗੁਰੂ ਖਾਲਸਾ

## (ਇਤਿਹਾਸ ਸ੍ਰੀ ਗੁਰੂ ਅੰਗਦ ਦੇਵ ਦੇਵ ਜੀ)

ਕ੍ਰਿਤ:

## ਗਿਆਨੀ ਗਿਆਨ ਸਿੰਘ ਜੀ

# TWARIKH GURU KHALSA

## (History of Guru Angad Dev ji)

By

## Giani Gian Singh ji

ਸ਼ਹੀਦਾਂ ਦੇ ਸਿਰਤਾਜ
ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦੇ
੪੦੦ ਸਾਲਾ ਸ਼ਹੀਦੀ ਦਿਹਾੜੇ ਨੂੰ ਸਮਰਪਿਤ

Dedicated to 400th Martyrdom Anniversary of
Sri Guru Arjan Dev ji

ਸੇਵਾ: ਭਾਈ ਬਲਜਿੰਦਰ ਸਿੰਘ ਜੀ (ਰਾੜਾ ਸਾਹਿਬ)

Made Available by:

Bhai Baljinder Singh ji (Rara Sahib)

© Baljinder Singh 16914 Lassen Street, Northridge, CA 91343 USA

Visit: www.ik13.com Email rarasahib@yahoo.com

Important Notice:

This file is brought in the digital (computer/internet use) format and made available within the reach of common users, scholars and students engaged in the study of Sikh History and Philosophy with the help of computer/internet. The digital composition of this file is the intellectual property of Bhai Baljinder Singh as it is completely an individual effort by him. Except for personal use on a personal computer without changing/decoding the file/database, no one is permitted to use this file in its native (provided), decoded or modified format, in whole or in part, for any computer/internet/publication project without the prior written permission of Bhai Baljinder Singh.

# ਤਤਕਰਾ

Click any of link on right side of the tabe for easy access to a chapter


| | |
|---|---|
| (ਪਾਃ ੨ - ੧) | **ਸ੍ਰੀ ਗੁਰੂ ਅੰਗਦ ਸਾਹਿਬ ਜੀ**<br>ਅਵਤਾਰ ਗੁਰੂ ਅੰਗਦ ਸਾਹਿਬ ਜੀ<br>ਮੱਤੇ ਕੀ ਸਰਾਂ ਉੱਜੜਨੀ<br>ਗੁਰੂ ਅੰਗਦ ਦੇਵ ਜੀ ਦੀ ਸੰਤਾਨ |
| (ਪਾਃ ੨ - ੨) | **ਗੁਰੂ ਅੰਗਦ ਜੀ ਦਾ ਗੁਰੂ ਨਾਨਕ ਜੀ ਨੂੰ ਮਿਲਣਾ**<br>ਭਾਈ ਜੋਧ/ਜੋਧਾ<br>ਗੁਰੂ ਨਾਨਕ ਜੀਦਾ ਮਿਲਾਪ<br>ਦੇਵੀ ਗੁਰੂ ਦਰ ਝਾੜੂ ਦਿੰਦੀ ਦੇਖੀ<br>ਲਹਿਣਾ ਜੀ ਪ੍ਰਤੀ ਭਵਿੱਖਤ ਬਚਨ |
| (ਪਾਃ ੨ - ੩) | **ਪ੍ਰੀਖਯਾ ਲਹਿਣੇ ਜੀ ਦੀ ਟਹਿਲ ਵਿੱਚ**<br>ਪ੍ਰੀਖਿਆ ਅਤੇ ਕਸਵੱਟੀਆਂ |
| (ਪਾਃ ੨ - ੪) | **ਗੁਰਿਆਈ ਮਿਲਣੀ**<br>ਸਾਬਿਜ਼ਾਦਿਆਂ ਦੀ ਵਿਰੋਧਤਾ<br>ਭਿਰਾਈ ਜੀ ਦੇ ਘਰ ਇਕਾਂਤ ਤਪ |
| (ਪਾਃ ੨ - ੫) | **ਗੁਰੂ ਅੰਗਦ ਜੀ ਦਾ ਸੁਤੰਤ੍ਰ ਗੁਰੂ ਹੋਣਾ**<br>ਸਿੱਖਾਂ ਨੇ ਗੁਰੂ ਜੀ ਦੀ ਢੂੰਢ ਕਰਨੀ<br>ਗੁਰੂ ਜੀ ਪ੍ਰਗਟ<br>ਸਾਦੂ ਬਾਦੂ ਰਬਾਬੀ |
| (ਪਾਃ ੨ - ੬) | **ਗੁਰੂ ਜੀ ਦਾ ਨਿੱਤ ਆਚਰਣ**<br>ਜਨਮ ਸਾਖੀ ਲਿਖਵਾਈ<br>ਪੈੜਾ ਮੋਖਾ<br>ਹਮਾਯੂੰ ਖਡੂਰ ਆਇਆ |
| (ਪਾਃ ੨ - ੭) | **ਸ੍ਰੀ ਗੁਰੂ ਅਮਰਦਾਸ ਜੀ ਦਾ ਮਿਲਾਪ**<br>ਬਾਬਾ ਅਮਰਦਾਸ ਜੀ ਦਾ ਗੁਰੂ ਨਾਨਕ ਜੀ ਅਤੇ ਗੁਰੂ ਅੰਗਦ ਜੀ ਨਾਲ ਪਹਿਲਾ ਮਿਲਾਪ<br>ਮਾਣਾ - ਛਕਾਉ ਸਿੱਖ<br>ਮਦਪਾਨੀ ਮਲੂਕਾ ਚੌਧਰੀ<br>ਨਾਥਾਂ ਨਾਲ ਮਿਲਾਪ<br>ਪੂਜਾ ਦਾ ਧਨ ਕੱਚਾ ਪਾਰਾ<br>ਮਾਲਵੇ ਦਾ ਦੌਰਾ<br>ਜਾਤ ਅਭਿਮਾਨੀ ਬਖਤਾਵਰ ਚੌਧਰੀ<br>ਭਾਈ ਜੀਵਾ - ਭਾਣਾ ਵਿੱਚ ਰਾਜ਼ੀ ਰਹੋ ਦਾ ਉਪਦੇਸ਼<br>ਦੋਖੀ ਤਪਾ ਸ਼ਿਵਨਾਥ<br>ਭੈਰੋਪੁਰ<br>ਭਾਈ ਖੇਮਾ<br>ਭਾਈ ਸ਼ੀਹਾਂ ਉੱਪਲ<br>ਨਾਮ ਹੀ ਰਸਾਇਣ<br>ਭਾਈ ਗੁੱਜਰ<br>ਧਿੰਗਾ/ਧਿੰਙਾ ਨਾਈ<br>ਪਾਰੋ ਜੁਲਕਾ ਨੂੰ ਗਿਆਨ ਦਾ ਉਪਦੇਸ਼<br>ਮੱਲੂ ਸ਼ਾਹੀ, ਮੁਗਲ ਫੌਜ ਦਾ ਨੌਕਰ<br>ਭਾਈ ਕਿਦਾਰੀ<br>ਸੰਸਾਰ ਵਣ ਨੂੰ ਅੱਗ ਦਾ ਦ੍ਰਿਸ਼ਟਾਂਤ |

| | |
|---|---|
| | ਭਾਈ ਦੀਪਕ ਲਾਲ<br>ਜੋਗ ਗਿਾਨ ਭਗਤੀ, ਭਗਤੀ ਸ੍ਰੇਸ਼ਟ<br>ਚਤੁਸ਼ਟੇ ਸਾਧਨ<br>ਮਾਤਾ ਖੀਵੀ ਪ੍ਰਲੋਕ ਗਮਨ<br>ਪਾ: ੨ ਜੋਤੀ ਜੋਤਿ ਸਮਾਏ |
| (ਪਾਃ ੨ - ੮) | ਸ੍ਰੀ ਗੁਰੂ ਅਮਰਦਾਸ ਸਾਹਿਬ ਜੀ<br>ਪਾ: ੩ ਅਵਤਾਰ<br>ਮਹਿਲ ਮਨਸਾ ਦੇਈ ਪਹਿਲਾ ਨਾਂ ਰਾਮ ਕੌਰ<br>ਪਾ: ੩ ਸੰਤਾਨ<br>ਪਾ: ੩ ਪਹਿਲਾ ਜੀਵਨ<br>ਪੰਡਿਤ ਦੁਰਗਾ ਦੱਤ ਦੀ ਭਵਿੱਖਬਾਣੀ |
| (ਪਾਃ ੨ - ੯) | ਗੁਰੂ ਮਿਲਾਪ ਦਾ ਕਾਰਣ<br>ਬੀਬੀ ਅਮਰੋ ਜੀ |
| (ਪਾਃ ੨ - ੧੦) | ਗੁਰੂ ਅੰਗਦ ਜੀ ਦਾ ਮਿਲਾਪ |
| (ਪਾਃ ੨ - ੧੧) | ਗੁਰੂ ਅਮਰਦਾਸ ਜੀ ਦੀ ਸੇਵਾ |
| (ਪਾਃ ੨ - ੧੨) | ਗੋਇੰਦਵਾਲ ਦਾ ਵੱਸਣਾ<br>ਅੰਮ੍ਰਿਤਸਰ ਵਾਲੀ ਥਾਂ ਤੋਂ ਅਮਰ ਬੂਟੀ ਮਿਲੀ |
| (ਪਾਃ ੨ - ੧੩) | ਗੁਰੂ ਅਮਰਦਾਸ ਜੀ ਨੂੰ ਗੱਦੀ ਮਿਲਣੀ<br>ਕਸਵੱਟੀ<br>ਪਾ: ੩ ਨੂੰ ਗੁਰਤਾ ਪ੍ਰਾਪਤ ਹੋਣੀ |

# ੴ ਸਤਿਗੁਰ ਪ੍ਰਸਾਦਿ

## (ਪਾਃ ੨ - ੧)

## ਸ੍ਰੀ ਗੁਰੂ ਅੰਗਦ ਸਾਹਿਬ ਜੀ ਪਾ

ਗੁਰੂ ਅੰਗਦ ਚੰਦ ਕੇ ਪਦ ਅਰ ਬਿੰਦ ਅਮੰਦ।
ਚੰਦ ਦੁੰਦ ਕਰ ਬੰਦ ਹੋਂ ਦੁੰਦ ਬਰਿੰਦ ਨਿਕੰਦ ॥੧॥

ਗੁਰੂ ਅੰਗਦ ਜੀ ਮੁਕਤਸਰੋਂ ੩ ਕੋਹ ਪੂਰਬ ਨਾਂਗੇ ਦੀ ਸਰਾਏ ਵਿੱਚ (ਜੋ ਓਦੋਂ ਮੱਤੇ ਦੀ ਸਰਾਏ ਸੀ) ਸਿਕੰਦਰ ਲੋਧੀ ਬਾਦਸ਼ਾਹ ਦੇ ਸਮੇਂ {ਅਵਤਾਰ ਗੁਰੂ ਅੰਗਦ ਸਾਹਿਬ ਜੀ} ੧੧ ਵੈਸਾਖ ਸੁਦੀ ੧, ਸੋਮਵਾਰ, ਸੰਮਤ ੧੫੬੧ ਬਿਕ੍ਰਮੀ ਨੂੰ ਅੰਮ੍ਰਿਤ ਵੇਲੇ ਰਣੀ ਨਛੱਤ੍ਰ ਵਿੱਚ ਫੇਰੂ ਮੱਲ ਤੇਹਣ ਖੱਤ੍ਰੀ ਦੇ ਘਰ ਮਾਈ ਸਭਰਾਈ (ਨਿਹਾਲ ਕੌਰ) ਤੋਂ ਪ੍ਰਗਟ ਹੋਏ। ਇਹਨਾਂ ਦਾ ਨਾਮ ਪਹਿਲੇ 'ਲਹਿਣਾ' ਸੀ। ਗੁਰੂ ਨਾਨਕ ਜੀ ਨੇ ਅੰਗਦ ਨਾਮ ਰੱਖਿਆ, ਜੋ ਦਿਨ ਦਿਨ ਦੁਤੀਆ ਦੇ ਚੰਦ੍ਰਮਾ ਵਾਗੂੰ ਵਧਦਾ ਗਿਆ। ਏਹ ਬਾਲਕ ਹੁੰਦੇ ਬੜੇ ਭੋਲੇ ਭਾਲੇ, ਸੀਲ ਸੁਭਾਵ, ਧੀਰਜੀ, ਉਦਾਰ, ਸੰਤ ਸੇਵੀ ਗੌਰ ਵਰਨ, ਸੁੰਦਰ ਸਰੂਪ ਸੇ।

ਫੇਰੂ ਮੱਲ ਫੀਰੋਜ਼ਪੁਰ ਦੇ ਹਾਕਮ ਪਠਾਣ ਦਾ ਖ਼ਜ਼ਾਨਚੀ ਸੀ। ਸੰਮਤ ੧੫੭੮ ਬਿਕ੍ਰਮੀ ਬਾਬਰ ਬਾਦਸ਼ਾਹ ਨੇ ਜਦ ਸਜੰਗ ਦਿੱਲੀ ਦਾ ਤਖ਼ਤ (ਹਿੰਦ ਦੀ ਬਾਦਸ਼ਾਹੀ) ਲੋਦੀ ਇਬਰਾਹੀਮ ਬਾਦਸ਼ਾਹ ਤੋਂ ਖੋਹੀ ਤੇ ਰਾਜ ਰੌਲਾ ਪਿਆ, ਤਾਂ ਪਚਾਧੇ ਭੱਟੀ, ਕੌਮ ਮੁਸਲਮਾਨ ਨੇ ਲੁੱਟਪੁੱਟ ਕਰ ਕੇ ਬਹੁਤ ਪਿੰਡ ਉਜਾੜ ਕਰ ਦਿੱਤੇ। ਤਦੋਂ ਮੱਤੇ ਦੀ ਸਰਾਏ ਭੀ {ਮੱਤੇ ਕੀ ਸਰਾਂ ਉੱਜੜਨੀ} ਉਜੜ ਗਈ। ਏਸ ਕਰ ਕੇ ਫੇਰੂ ਮੱਲ ਪਹਿਲਾਂ ਹੀ ਹਰੀ ਕੇ ਪਿੰਡ ਜਾ ਵੱਸਿਆ। ਫੇਰ ਓਸ ਦੀ ਭੈਣ ਬੀਰ ਫਿਰਾਈ, ਜੋ ਮਾਝੇ ਦੇਸ ਖਹਿਰਿਆਂ ਦੀ ਖਡੂਰ ਵਿੱਚ ਵਿਆਹੀ ਹੋਈ ਸੀ, ਓਸ ਕਾਰਣ; ਅਤੇ ਏਥੇ ਹੀ ਲਹਿਣਾ ਜੀ ਦਾ ਵਿਆਹ ਭੀ ਦੇਵੀ ਚੰਦ੍ਰ ਖੱਤ੍ਰੀ ਦੀ ਬੇਟੀ ਖੀਵੀ ਨਾਲ ੧੬ ਮੱਘਰ ਸੰਮਤ ੧੫੭੬ ਬਿਕ੍ਰਮੀ ਨੂੰ ਹੋ ਚੁੱਕਾ ਸੀ; ਏਸ ਕਾਰਣ ਫੇਰੂ ਮੱਲ ਆਪਣੇ ਬਾਲ ਬੱਚੇ ਨੂੰ ਲੈ ਕੇ ਓਥੇ ਹੀ (ਖਹਿਰਆਂ ਦੀ ਖਡੂਰ ਵਿੱਚ) ਜਾ ਵੱਸਿਆ ਤੇ ਆਪਣੀ ਪ੍ਰਚੂਨ ਦੀ ਹੱਟੀ ਕਰ ਕੇ ਸ਼ਾਹੀ ਬਣਜ ਕਾਰਨ ਲੱਗ ਪਿਆ ਜਿਸ ਕਰ ਕੇ ਥੋੜੇ ਹੀ ਬਰਸਾਂ ਵਿੱਚ ਚੰਗੀ ਸ਼ਾਹੂਕਾਰੀ ਬਣ ਗਈ।

ਗੁਰੂ ਅੰਗਦ ਜੀ ਦੇ ਘਰ {ਗੁਰੂ ਅੰਗਦ ਦੇਵ ਜੀ ਦੀ ਸੰਤਾਨ} ੯ ਭਾਦ੍ਰੋਂ ਸੰਮਤ ੧੫੮੯ ਬਿਕ੍ਰਮੀ ਨੂੰ ਦਾਸੂ ਜੀ ਤੇ ੨ ਪੋਹ ਸੰਮਤ ੧੫੯੫ ਬਿਕ੍ਰਮੀ ਵਿੱਚ ਬੀਬੀ ਅਮਰੋ ਤੇ ੨੯ ਜੇਠ ਸੰਮਤ ੧੫੯੧ ਬਿਕ੍ਰਮੀ ਨੂੰ ਬੀਬੀ ਅਣੋਖੀ ਜੀ ਤੇ ੧ ਵੈਸਾਖ ਸੰਮਤ ੧੫੯੪ ਬਿਕ੍ਰਮੀ ਵਿੱਚ ਦਾਤੂ ਜੀ ਪੈਦਾ ਹੋਏ।

## (ਪਾਃ ੨ - ੨)

## ਗੁਰੂ ਅੰਗਦ ਜੀ ਦਾ ਗੁਰੂ ਨਾਨਕ ਜੀ ਨੂੰ ਮਿਲਣਾ

ਫੇਰੂ ਮੱਲ ਦੇਵੀ ਦਾ ਭਗਤ ਸੀ। ਹਰ ਵਰਹੇ ਟੱਬਰ ਨੂੰ ਨਾਲ ਲੈ ਕੇ ਵੈਸ਼ਨੋ ਦੇਵੀ ਜੀ ਦੇ ਦਰਸ਼ਨ ਨੂੰ ਜਾਂਦਾ ਹੁੰਦਾ ਸੀ। ਸੰਮਤ ੧੫੮੩ ਬਿਕ੍ਰਮੀ ਨੂੰ ਫੇਰੂ ਮੱਲ ਦੇ ਗੁਜ਼ਰੇ ਪਿੱਛੋਂ ਫੇਰ ਓਹੋ ਖੂੰਡੀ ਖਮਣੀ ਦੇਵੀ ਦਾ ਭੇਖ ਧਾਰ ਕੇ ਲਹਿਣਾ ਜੀ ਭੀ ਦੇਵੀ ਦੇ ਜਾਣ ਲੱਗੇ। ਇੱਕ {ਭਾਈ ਜੋਧ/ਜੋਧਾ} ਜੋਧਾ ਨਾਮੀ ਜੱਟ ਬਾਬੇ ਨਾਨਕ ਜੀ ਦਾ ਉਪਦੇਸ਼ੀ ਖਡੂਰ ਵਿੱਚ ਵਸਦਾ ਸੀ। ਅੰਮ੍ਰਿਤ ਵੇਲੇ ਅਸ਼ਨਾਨ ਕਰ ਆਸਾ ਦੀ ਵਾਰ ਦਾ ਉਚਾਰ ਡਾਢੀ ਮਿੱਠੀ ਸੁਰ ਨਾਲ ਕਰਦਾ ਹੁੰਦਾ ਸੀ। ਲਹਿਣੇ ਜੀ ਦਾ ਘਰ ਨੇੜੇ ਹੀ ਸੀ। ਹਮੇਸ਼ ਸੁਣਦਿਆਂ ਸੁਣਦਿਆਂ ਏਨ੍ਹਾਂ ਨੂੰ ਭੀ ਪੂਰਬਲੇ ਸੰਸਕਾਰਾਂ ਦੇ ਸਬੱਬ ਪ੍ਰੇਮ ਜਾਗ ਪਿਆ। ਇੱਕ ਦਿਨ:

ਭਿੰਨੀ ਰੈਨੜੀਐ ਚਾਮਕਨਿ ਤਾਰੇ ॥
ਜਾਗਹਿ ਸੰਤ ਜਨਾ ਮੇਰੇ ਰਾਮ ਪਿਆਰੇ ॥
ਰਾਮ ਪਿਆਰੇ ਸਦਾ ਜਾਗਹਿ ਨਾਮੁ ਸਿਮਰਹਿ ਅਨਦਿਨੋ ॥
ਚਰਣ ਕਮਲ ਧਿਆਨੁ ਹਿਰਦੈ ਪ੍ਰਭ ਬਿਸਰੁ ਨਾਹੀ ਇਕੁ ਖਿਨੋ ॥
ਤਜਿ ਮਾਨੁ ਮੋਹੁ ਬਿਕਾਰੁ ਮਨ ਕਾ ਕਲਮਲਾ ਦੁਖ ਜਾਰੇ ॥
ਬਿਨਵੰਤਿ ਨਾਨਕ ਸਦਾ ਜਾਗਹਿ ਹਰਿ ਦਾਸ ਸੰਤ ਪਿਆਰੇ ॥੧॥

(ਆਸਾ, ਮਃ ੫ - ੪੫੯)

(ਇਹ ਸ਼ਬਦ ਗੁਰੂ ਅਰਜਨ ਦੇਵ ਜੀ ਦਾ ਹੈ)

ਏਹ ਸ਼ਬਦ ਓਨ ਗਾਵਿਆ। ਤਾਂ ਠੰਡੀ ਠੰਡੀ ਨਿਰਮਲ ਪੌਣ ਤੇ ਸ਼ਾਂਤਿ ਰੂਪ ਅੰਮ੍ਰਿਤ ਵੇਲੇ ਦੀ ਮਿੱਠੀ ਪਜਾਰੀ ਸੁਰੀਲੀ ਅਵਾਜ਼ ਲਹਿਣੇ ਜੀ ਦੇ ਮਨ ਵਿੱਚ ਅਜੇਹੀ ਵੱਸ ਗਈ ਜੋ ਆਪਣੇ ਘਰੋਂ ਉੱਠ ਕੇ ਭਾਈ ਜੋਧੇ ਪਾਸ ਜਾ ਬੈਠਾ। ਤਾਂ ਓਨ ਏਹ ਪਉੜੀ ਪੜ੍ਹੀ:

ਪਉੜੀ ॥
ਜਿਤੁ ਸੇਵਿਐ ਸੁਖੁ ਪਾਈਐ ਸੋ ਸਾਹਿਬੁ ਸਦਾ ਸਮ੍ਹਾਲੀਐ ॥
ਜਿਤੁ ਕੀਤਾ ਪਾਈਐ ਆਪਣਾ ਸਾ ਘਾਲ ਬੁਰੀ ਕਿਉ ਘਾਲੀਐ ॥
ਮੰਦਾ ਮੂਲਿ ਨ ਕੀਚਈ ਦੇ ਲੰਮੀ ਨਦਰਿ ਨਿਹਾਲੀਐ ॥
ਜਿਉ ਸਾਹਿਬ ਨਾਲਿ ਨ ਹਾਰੀਐ ਤੇਵੇਹਾ ਪਾਸਾ ਢਾਲੀਐ ॥
ਕਿਛੁ ਲਾਹੇ ਉਪਰਿ ਘਾਲੀਐ ॥੨੧॥

(ਵਾਰ-ਆਸਾ, ਮਃ ੧ - ੪੭੪)

ਏਹ ਸੁਣ ਕੇ ਹੋਰ ਭੀ ਜਿੰਦ ਵਿੱਚ ਜਿੰਦ ਪੈ ਗਈ। ਅਜੇਹਾ ਸ਼ੌਕ ਲੱਗਾ ਜੋ ਹਮੇਸ਼ ਅੰਮ੍ਰਿਤ ਭਰੀ ਧੁਰ ਕੀ ਬਾਣੀ ਸੁਣ ਸੁਣ ਗੁਰੂ ਨਾਨਕ ਜੀ ਦੇ ਦਰਸ਼ਨ ਦੀ ਉਤਕੰਠਾ ਹੋ ਗਈ ਤੇ ਭਾਈ ਜੋਧੇ ਤੋਂ ਗੁਰੂ ਜੀ ਦਾ ਪੂਰਾ ਪਤਾ ਪੁੱਛ ਕੇ ਦਿਨੇ ਰਾਤ ਲਗਨ ਲੱਗ ਗਈ ਅਤੇ ਗੁਰੂ ਜੀ ਦੇ ਦਰਸ਼ਨ ਦੀ ਇੱਛਾ ਸੂਮ ਨੂੰ ਧਨ ਲੈਣ ਵਰਗੀ ਆ ਜਾਗੀ। ਓੜਕ ਸੰਮਤ ੧੫੮੯ ਬਿਕ੍ਰਮੀ ਨੂੰ ਅੱਸੂ ਮਹੀਨੇ ਆਪਣੇ ਸਾਥੀਆਂ ਸਮੇਤ ਵੈਸ਼ਨੋ ਦੇਵੀ ਦੇ ਦਰਸ਼ਨਾਂ ਨੂੰ ਜਾਂਦਾ ਹੋਯਾ ਜਦ ਡੱਲੇ ਦਾ ਪੱਤਣ ਲੰਘਿਆ ਤਾਂ ਸੰਗਤ ਨੂੰ ਆਖਣ ਲੱਗਾ, "ਭਈ! ਏਥੇ ਇੱਕ ਸੱਤਪੁਰਖ ਰਹਿੰਦੇ ਹਨ, ਓਨ੍ਹਾਂ ਦਾ ਦਰਸ਼ਨ ਕਰਦੇ ਚੱਲੀਏ।" ਸਭ ਨੇ ਆਖਿਆ, (ਏਕ ਪੰਥ ਦੋ ਕਾਜ) "ਬਹੁਤ ਅੱਛਾ ਕੰਮ ਹੈ।" ਜਦ ਕਰਤਾਰਪੁਰ ਦੇ ਨੇੜੇ ਗਏ ਤਾਂ ਜਾਣੋਂ ਬਾਬਾ ਜੀ ਏਹਨਾਂ ਨੂੰ ਅੱਗੋਂ ਲੈਣ ਹੀ ਆਏ ਸੇ। ਅਚਾਨਕ {ਗੁਰੂ ਨਾਨਕ ਜੀਦਾ ਮਿਲਾਪ} ਜੰਗਲ ਹੋ ਕੇ ਆਉਂਦੇ ਮਿਲ ਪਏ। ਲਹਿਣੇ ਜੀ ਨੇ ਪੁੱਛਿਆ, "ਗੁਰੂ ਨਾਨਕ ਜੀ ਦੇ ਦਰਸ਼ਨ ਕਰਨੇ ਹਨ।" ਏਨ੍ਹਾਂ ਨੇ ਆਖਯਾ, "ਆਓ!"

ਲਹਿਣਾ ਜੀ ਘੋੜੀ ਪਰ ਤੇ ਬਾਬਾ ਜੀ ਪੈਰੀਂ ਗੱਲਾਂ ਕੱਥਾਂ ਕਰਦੇ ਜਾਂ ਧਰਮਸਾਲਾ ਦੇ ਨੇੜੇ ਢੁੱਕੇ ਤਾਂ ਲਹਿਣਾ ਜੀ ਘੋੜੀ ਬੰਨ੍ਹਣ ਤੇ ਸੰਗ ਨੂੰ ਉਤਾਰਨ ਲੱਗੇ ਤੇ ਬਾਬਾ ਜੀ ਹੱਥ ਪੈਰ ਧੋ ਕੇ ਗੱਦੀ ਉੱਤੇ ਜਾ ਬੈਠੇ। ਤਦੋਂ ਨੂੰ ਲਹਿਣਾ ਜੀ ਨੇ ਭੀ ਪੰਜ ਚਾਰ ਸੰਗੀਆਂ ਨਾਲ ਪ੍ਰਸ਼ਾਦ ਲੈ ਕੇ ਬਾਬੇ ਜੀ ਦੇ

ਦਰਸ਼ਨ ਜਾ ਪਾਏ ਤਾਂ ਗੁਰੂ ਜੀ ਨੂੰ ਸਿਞਾਣ ਕੇ ਲਹਿਣਾ ਜੀ ਬਹੁਤ ਲੱਜਾਵਾਨ ਅਤਿ ਨਿਮ੍ਰ ਹੋ ਹੱਥ ਜੋੜ ਕੇ ਬੋਲੇ, "ਮੈਥੋਂ ਬਡੀ ਭਾਰੀ ਅਵੱਗਯਾ ਹੋਈ ਜੋ ਆਪ ਪੈਰੀਂ ਤੇ ਮੈਂ ਅਸਵਾਰ। ਏਹ ਭੁੱਲ ਬਖ਼ਸ਼ੋ!" ਗੁਰੂ ਜੀ ਬੋਲੇ, "ਤੈਨੂੰ ਕਰਤਾਰ ਨੇ ਬਖ਼ਸ਼ਯਾ ਹੈ। ਡਰ ਨਾ ਸਿਆਣਿਆਂ ਦੀ ਕਹਾਵਤ ਹੈ 'ਗੁਰੂ ਕੀਜੇ ਜਾਣ ਕੇ, ਪਾਣੀ ਪੀਜੇ ਛਾਣ ਕੇ।' ਅਸੀਂ ਦੇਣਾ ਤੇ ਤੂੰ ਲੈਣਾ। ਅਕਾਲ ਪੁਰਖ ਦੀ ਭਗਤੀ ਕਰ। ਏਹ ਦੇਵੀ ਦੇਵਤੇ ਸਭ ਓਸੇ ਦੇ ਸੇਵਕ ਹਨ। ਏਨ੍ਹਾਂ ਮੰਦ੍ਰਾਂ ਕੰਦ੍ਰਾਂ ਵਿੱਚ ਦੇਵਤੇ ਨਹੀਂ, ਭਾਵਨਾ ਵਿੱਚ ਦੇਵਤੇ ਹਨ। ਏਹ ਤਾਂ ਪੁਜਾਰੀ ਪੰਡਯਾਂ ਨੇ ਕਲਪਤ ਦੇਵਤਯਾਂ ਦੇ ਅਸਥਾਨ ਅਪਨੀ ਜੀਵਕਾ ਵਾਸਤੇ ਬਣਾ ਰੱਖੇ ਹਨ। ਏਥੋਂ ਕਦੇ ਕਿਸ ਨੂੰ ਦੇਵਤਾ ਨਹੀਂ ਮਿਲਯਾ। ਜਦ ਮਿਲਯਾ ਹੈ ਸ਼ੁੱਧ ਭਾਵਨਾਂ ਤੋਂ ਮਿਲਿਆ ਹੈ। ਅਗਯਾਨੀ ਲੋਗ ਪੰਡਯਾਂ ਦੇ ਬਹਿਕਾਏ ਪਏ ਭਟਕਦੇ ਹਨ, ਗਯਾਨੀ ਨਹੀਂ ਭਟਕਦੇ।"

ਸ਼ਾਂਤ ਸਰੂਪ ਬਾਬੇ ਜੀ ਦੇ ਬਚਨ ਸੁਣ ਕੇ ਦਰਸ਼ਨ ਕਰ ਪ੍ਰੇਮ ਭਰੀ ਸੰਗਤ ਦਾ ਸੁਭਾਵ ਦੇਖ ਕੇ ਲਹਿਣੇ ਜੀ ਦਾ ਮਨ ਕੋਇਲ ਦੇ ਪੁੱਤ੍ਰ ਵਾਂਗੂੰ ਫਿਰ ਕਰ ਗੁਰਾਂ ਦੇ ਚਰਨ ਕਵਲਾਂ ਦਾ ਭਉਰਾ ਲੁਭਾਇਮਾਨ ਹੋ ਕੇ ਮਗਨ ਹੋ ਗਿਆ। ਬਾਬੇ ਜੀ ਨੇ ਨਾਮ ਠਾਮ ਪੁੱਛਿਆ ਤਾਂ ਦੱਸਯਾ, "ਪਹਿਲੇ ਲੱਖੀ ਜੰਗਲ ਕੋਲ ਬਠਿੰਡੇ ਵਲ 'ਮੱਤੇ ਦੀ ਸਰਾਂ' ਵਸਦੇ ਸਾਂ। ਹੁਣ ਖਹਰਯਾਂ ਦੀ ਖੰਡੂਰ; ਜਿੱਥੇ ਹਜ਼ੂਰ ਦਾ ਸਿੱਖ 'ਜੋਧਾ' ਨਾਮ ਹੈ, ਬੱਸਦੇ ਹਾਂ।" ਭਾਈ ਲਹਿਣੇ ਜੀ ਨੇ ਮਨ ਹੀ ਮਨ ਗੁਰੂ ਕਾ ਸਿੱਖ ਹੋ ਕੇ ਘੁੰਗਰੂ ਅੱਟਾ ਦੇਵੀ ਦਾ ਭੇਖ ਉਤਾਰ ਦਿੱਤਾ। ਓਸ ਦੇ ਸਾਥੀਆਂ ਨੇ ਦੇਵੀ ਦੇ ਚੱਲਣ ਲਈ ਬਹੁਤ ਆਖਯਾ ਪਰ ਲਹਿਣੇ ਜੀ ਨੇ ਇੱਕ ਨਾ ਮੰਨੀ ਬਲਕਿ ਏਹ ਆਖਿਆ ਕਿ ਹੁਣ ਮੈਨੂੰ ਮੋਖ ਭੋਗ ਦੇਣ ਵਾਲਾ ਪੂਰਾ ਸਤਿਗੁਰੂ ਮਿਲ ਗਿਆ ਹੈ। ਮੇਰੀ ਭਟਕਣਾਂ ਮਿਟ ਗਈ ਹੈ। ਓਨ੍ਹਾਂ ਆਖਿਆ, "ਜੇ ਪੂਰਾ ਸਤਿਗੁਰੂ ਹੈ ਤਾਂ ਸਾਨੂੰ ਏਥੇ ਹੀ ਦੁਰਗਾ ਦੇ ਦਰਸ਼ਨ ਕਰਾ ਦੇਵੇ। ਤਾਂ ਅਸੀਂ ਵੀ ਏਸੇ ਦੇ ਸਿੱਖ ਹੋ ਜਾਈਏ।" ਜਨਮਸਾਖੀ ਵਿੱਚ ਲਿਖਿਆ ਹੈ ਕਿ ਦੂਜੇ ਦਿਨ ਅੰਮ੍ਰਿਤ ਵੇਲੇ ਦੇਵੀ ਦੀ ਸੰਗਤ ਨੇ ਬਾਬੇ ਦੇ ਬੂਹੇ ਅੱਗੇ ਇੱਕ ਦਿੱਬਯਾ ਰੂਪ ਮਾਈ {ਦੇਵੀ ਗੁਰੂ ਦਰ ਝਾੜੂ ਦਿੰਦੀ ਦੇਖੀ} ਝਾੜੂ ਦਿੰਦੀ ਦੇਖੀ। ਪੁੱਛਣ ਪਰ ਓਨ ਆਖਿਆ, "ਮੈਂ ਓਹਾ ਈਸ਼੍ਵਰੀ ਮਾਇਆ ਦੇਵੀ ਹਾਂ ਜਿਸ ਦੇ ਤੁਸੀਂ ਯਾਤ੍ਰੀ ਹੋ। ਏਹ ਸੱਚੇ ਸਤਿਗੁਰੂ ਸੰਤ ਹਨ। ਏਹੋ ਜੇਹੇ ਸੰਤਾਂ ਦੀ ਸੇਵਾ ਸਭ ਦੇਵਤੇ ਕਰਦੇ ਹਨ। ਏਨ੍ਹਾਂ ਦੇ ਹੀ ਪ੍ਰਤਾਪ ਨਾਲ ਤੁਸਾਂ ਨੂੰ ਮੇਰੇ ਦਰਸ਼ਨ ਏਥੇ ਹੀ ਹੋਏ ਹਨ। ਦੇਵਤਾ ਮਾਇਕ ਪਦਾਰਥਾਂ ਦਾ ਵਰ ਦਿੰਦੇ ਹਨ। ਸੰਤ ਮੁਕਤਿ ਭੁਕਤਿ ਦੋਵੇਂ ਬਖ਼ਸ਼ਦੇ ਹਨ।" ਏਹ ਸੁਣ ਕੇ ਮਾਈ ਦੇ ਦਰਸ਼ਨ ਕਰ ਲਹਿਣੇ ਦਾ ਤਾਂ ਪੱਕਾ ਭਰੋਸਾ ਗੁਰੂ ਜੀ ਪਰ ਹੋ ਗਿਆ ਤੇ ਹੋਰ ਵੀ ਸਾਥੀ ਸਿੱਖ ਬਣ ਗਏ।

ਭਾਵੇਂ ਲਹਿਣਾ ਜੀ ਓਨ੍ਹਾਂ ਦੇ ਨਾਲ ਮੁੜ ਖੰਡੂਰ ਆ ਰਹੇ ਪਰ ਮਨ ਗੁਰੂ ਚਰਨਾਂ ਵਿੱਚ ਹੀ ਰਿਹਾ। ਏਸੇ ਕਰ ਕੇ ਥੋੜ੍ਹੇ ਦਿਨ ਖਡੂਰ ਰਹਿ ਕੇ ਇੱਕ ਪੰਡ ਲੂਣ ਦੀ ਗੁਰੂ ਕੇ ਲੰਗਰ ਵਾਸਤੇ ਘਰੋਂ ਲੈ ਕੇ ਅਪਣੇ ਭਣੇਵੇਂ ਸਮੇਤ ਕਰਤਾਰਪੁਰ ਗਏ ਤਾਂ ਅੱਗੇ ਗੁਰੂ ਸਾਹਿਬ ਖੇਤ ਦੀ ਨਦੀਣ ਕਢਾ ਰਹੇ ਸੇ। ਸ੍ਰੀ ਮਾਤਾ ਸੁਲੱਖਣੀ ਪਾਸ ਲੂਣ ਦੀ ਪੰਡ ਸੁੱਟਕੇ ਖੇਤ ਵਿੱਚ ਹੀ ਗੁਰੂ ਕੇ ਦਰਸ਼ਨ ਜਾ ਕੀਤੇ। ਘਰ ਨੂੰ ਆਉਣ ਲੱਗੇ ਤਾਂ ਪੰਡ ਘਾਹ ਦੀ ਗਊਆਂ ਭੈਸਾਂ ਵਾਸਤੇ ਬੰਨ੍ਹੀਂ। ਗੁਰੂ ਜੀ ਨੇ ਲਹਿਣੇ ਵੰਨੀ ਤੱਕਿਆ ਤਾਂ ਏਨਾਂ ਝੱਟ ਪੱਟ ਮੁੰਡਾਸਾ ਬੰਨ੍ਹ ਕੇ ਪੰਡ ਚੁੱਕ ਲੀਤੀ। ਗੁਰੂ ਜੀ ਬਹੁਤ ਖ਼ੁਸ਼ੀ ਹੋਏ। ਘਰ ਆਏ ਤਾਂ ਸ੍ਰੀ ਮਾਤਾ ਸੁਲੱਖਣੀ ਜੀ ਨੇ ਆਖਿਆ, "ਤੁਸੀਂ ਬਹੁਤ ਬੇਪ੍ਰਵਾਹੀ ਕਰਦੇ ਹੋ। ਸਿੱਖ ਦੀ ਸ਼ਰਧਾ ਨਹੀਂ ਰਹਿਣ ਦਿੰਦੇ। ਇਹਦੀ ਪੁਸ਼ਾਕ ਚਿੱਕੜ ਨਾਲ ਭਰ ਗਈ ਹੈ।" ਮਹਾਰਾਜ ਬੋਲੇ, {ਲਹਿਣਾ ਜੀ ਪ੍ਰਤੀ ਭਵਿੱਖਤ ਬਚਨ} "ਪੰਡ ਚੁੱਕਣ ਜੋਗ ਨੇ ਚੁੱਕ ਲੀਤੀ ਤੇ ਪੁਸ਼ਾਕੀ ਚਿੱਕੜ ਨਾਲ ਨਹੀਂ ਭਰੀ, ਸਗੋਂ ਕੇਸਰ ਨਾਲ ਭਰੀ ਹੈ।"

ਭਾਵੇਂ ਟਹਿਲ ਤਾਂ ਹੋਰ ਬੀ ਹਰ ਪ੍ਰਕਾਰ ਦਾ ਲਹਿਣਾ ਜੀ ਰਾਤ ਦਿਨੇ ਕਰਦੇ ਸੇ, ਪਰ ਗੁਰੂ ਸਾਹਿਬ ਦੀ ਹਜ਼ੂਰੀ ਟਹਿਲ ਅਤੇ ਹਰ ਵੇਲੇ ਓਹਨਾਂ ਦੀ ਦ੍ਰਿਸ਼ਟੀ ਗੋਚਰ ਰਹਿਣ, ਐਸਾ ਸਾਬਤ ਦਿਲ ਨਾਲ ਸੰਭਾਲਯਾ ਕਿ ਗੁਰੂ ਜੀ ਨੂੰ ਸਾਖਯਾਤ ਪ੍ਰਮੇਸ਼ਰ ਮੰਨ ਕੇ ਆਗਿਆ ਵਿੱਚ ਹੀ ਰਹੇ ਅਤੇ ਸ੍ਵਾਸ

ਸ੍ਵਾਸ ਸ੍ਰੀ ਵਾਹਿਗੁਰੂ ਦਾ ਸਿਮਰਨ ਤੇ ਧਯਾਨ ਗੁਰੂ ਮੂਰਤਿ ਦਾ ਕਰਨ ਲੱਗੇ। ਡੇਢ ਪਹਿਰ ਰਾਤ ਰਹੀ ਤੋਂ ਗੁਰੂ ਜੀ ਨਿੱਤ ਪ੍ਰਤਿ ਸੋਚ ਹੋ ਕੇ ਰਾਵੀ ਵਿੱਚ ਕੰਠ ਤੱਕ ਪਾਣੀ ਵਿੱਚ ਜਾ ਕੇ ਚਾਰ ਘੜੀ ਸੂਰਜ ਚੜ੍ਹੇ ਤੱਕ ਖੜੇ ਰਹਿਣ। ਲਹਿਣਾ ਜੀ ਨਾਲ ਹੀ ਜਾਣ। ਕਨਾਰੇ ਖੜੇ ਬੈਠੇ ਭਜਨ ਕਰਦੇ ਰਹਿਣ। ਸਿਆਲ ਹਾੜ ਸਦਾ ਇੱਕ ਰਸ ਰਹੇ।

## (ਪਾਃ ੨ - ੩)

## ਪ੍ਰੀਖਯਾ ਲਹਿਣੇ ਜੀ ਦੀ ਟਹਿਲ ਵਿੱਚ

(੧) ਇੱਕ ਦਿਨ {ਪ੍ਰੀਖਿਆ ਅਤੇ ਕਸਵੱਟੀਆਂ} ਭਾਈ ਬੁੱਢੇ, ਅਜਿਤੇ, ਸਧਾਰਣ, ਭਗੀਰਥੀਏ ਆਦਿਕ ਸਿੱਖਾਂ ਨੇ ਸਲਾਹ ਕੀਤੀ ਕਿ ਅਸੀਂ ਭੀ ਗੁਰੂ ਸਾਹਿਬ ਦੇ ਨਾਲ ਰਾਵੀ ਉੱਤੇ ਜਾਇਆ ਕਰੀਏ। ਜਾਂ ਗਏ ਤਾਂ ਪੋਹ ਦਾ ਮਹੀਨਾ, ਠੰਢੀ ਪੌਣ, ਦਰਿਆ ਦਾ ਕਿਨਾਰਾ, ਸੀਤ ਦੇ ਮਾਰੇ ਸੁੰਨਜ ਹੋ ਕੇ ਕੰਬਣ ਲੱਗੇ। ਘਰ ਨੂੰ ਹਟੇ ਤਾਂ ਮੇਘ ਬਰਸਣ ਲੱਗਾ। ਗੜੇ ਬਹੁਤ ਬਰਸੇ। ਅੱਤਿ ਕਸ਼ਟ ਸਹਾਰ ਕੇ ਧਰਮਸਾਲਾ ਵਿੱਚ ਪਹੁੰਚੇ, ਲਹਿਣਾ ਜੀ ਓਥੇ ਹੀ ਗੁਰੂ ਜੀ ਪਾਸ ਰਹੇ।

(੨) ਇੱਕ ਦਿਨ ਮੀਂਹ ਬਹੁਤ ਬਰਸਜਾ, ਧਰਮਸਾਲਾ ਦੀ ਕੰਧ ਗਿਰ ਗਈ। ਲਹਿਣਾ ਜੀ ਸ਼ਤੀਰ ਹੇਠਾਂ ਸਿਰ ਦੇ ਕੇ ਸਾਰੀ ਰਾਤ ਖੜੇ ਰਹੇ। ਗੁਰੂ ਜੀ ਨੂੰ ਨਹੀਂ ਜਤਾਯਾ।

(੩) ਫੇਰ ਇੱਕ ਦਿਨ ਬਾਰਸ਼ ਹੋਈ। ਗੁਰੂ ਜੀ ਦੀ ਬੈਠਕ ਦੀ ਕੰਧ ਡਿੱਗ ਪਈ। ਤਾਂ ਪੁਤ੍ਰਾਂ ਨੂੰ ਹੁਕਮ ਹੋਯਾ, "ਹੁਣੇ ਬਣਾਓ।" ਓਹਨਾਂ ਜਵਾਬ ਦਿੱਤਾ, "ਹੁਣ ਰਾਤ ਹੈ। ਸਵੇਰੇ ਰਾਜ ਮਜੂਰ ਲਾ ਕੇ ਬਣਵਾ ਲਵਾਂਗੇ। ਫੇਰ ਹੋਰ ਸਿੱਖਾਂ ਨੂੰ ਆਖਿਆ ਤਾਂ ਓਨ੍ਹਾਂ ਦਿਨ ਚੜ੍ਹੇ ਬਣਾ ਦੇਣੀ ਕਬੂਲ ਕੀਤੀ। ਜਾਂ ਲਹਿਣੇ ਜੀ ਵੰਨੀਂ ਤੱਕੇ ਤਾਂ ਕਹੀ ਲੈ ਕੇ ਲੱਕ ਬੰਨ੍ਹ ਕੰਧ ਉਸਾਰਣ ਲੱਗ ਪਏ। ਉਸਾਰੀ ਭੀ ਬਾਬਾ ਜੀ ਨੇ ਬਿੰਗੀ ਦੱਸ ਕੇ ਗਿਰਵਾ ਦਿੱਤੀ। ਫੇਰ ਬਨਾਈ ਤਾਂ ਭੀ ਚੰਗੀ ਨਹੀਂ ਬਣੀ ਕਹਕੇ ਢੁਹਾ ਦਿੱਤੀ। ਏਸ ਪ੍ਰਕਾਰ ਚਾਰ ਵਾਰੀ ਢਹਾਈ ਤਾਂ ਸ੍ਰੀ ਸੁਲੱਖਣੀ ਜੀ ਨੇ ਆਖਿਆ, "ਭਾਈ ਲਹਿਣਾ! ਏਹ ਤਾਂ ਬੇਪ੍ਰਵਾਹ ਹਨ, ਤੂੰ ਬੀ ਏਹੋ ਜੇਹਾ ਹੋ ਗਿਆ?" ਤਦ ਹੱਥ ਜੋੜ ਕੇ ਅੱਗੋਂ ਆਖਿਆ, "ਮਾਤਾ ਜੀ! ਸੇਵਕ ਨੇ ਤਾਂ ਸੇਵਾ ਕਰ ਕੇ ਦੇਹ ਪਵਿੱਤ੍ਰ ਕਰਨੀ ਹੈ। ਕੰਧ ਦੇ ਬਣਨ ਨਾਲ ਕੋਈ ਪ੍ਰਜੋਜਨ ਨਹੀਂ।

(੪) ਇੱਕ ਰਾਤ੍ਰੀ ਨੂੰ ਬਾਬੇ ਜੀ ਨੇ ਆਵਾਜ਼ ਦਿੱਤੀ, "ਦੇਖੋ! ਕੇਡਾ ਦਿਨ ਚੜ੍ਹਿਆ ਹੈ। ਸਾਡੇ ਬਸਤ੍ਰ ਸਾਫ਼ ਕਰ ਲਜਾਓ।" ਪੁੱਤ੍ਰ ਬੋਲੇ, "ਤੁਸਾਨੂੰ ਤਾਂ ਬੁੱਢੇ ਹੋਣੇ ਕਰ ਨੀਂਦ ਨਹੀਂ ਪੈਂਦੀ। ਸਾਨੂੰ ਬੀ ਨਹੀਂ ਸੌਣ ਦਿੰਦੇ। ਸਵੇਰੇ ਧੁਆ ਦੇਵਾਂਗੇ। ਨਹੀਂ ਰਹਿੰਦੇ ਤਾਂ ਪੁਸ਼ਾਕੀ ਬਦਲ ਲਓ।" ਹੋਰ ਸਿੱਖਾਂ ਦਾ ਨਾਮ ਲੈ ਕੇ ਆਖਜਾ ਤਾਂ ਬੁੱਢਾ ਬੋਲਜਾ, "ਅਜੇ ਤਾਂ ਅੱਧੀ ਰਾਤ ਹੈ। ਅਸੀਂ ਏਸ ਵਕਤ ਖੂਹ ਜੋਤਿਆ ਕਰਦੇ ਸਾਂ। ਮੈਨੂੰ ਤਾਰਿਆਂ ਦੀ ਚੰਗੀ ਜਾਚ ਹੈ।" ਫੇਰ ਹੁਕਮ ਹੋਯਾ, "ਲਹਣਿਆ! ਤੂੰ ਵੇਖ।" ਏਨ੍ਹਾਂ ਨੇ ਬਾਹਰ ਜਾ ਕੇ ਮੁੜ ਆਣ ਅਰਜ਼ ਕੀਤੀ, "ਮਹਾਰਾਜ! ਜਿਤਨਾਂ ਤੁਸਾਂ ਦਿਨ ਚੜ੍ਹਾਯਾ ਹੈ, ਓਨ੍ਹਾਂ ਹੀ ਚੜ੍ਹਿਆ ਹੈ।" ਬਾਬੇ ਜੀ ਨੇ ਬਸਤ੍ਰ ਧੋਣ ਲਈ ਦਿੱਤੇ। ਏਹ ਧੋਹ ਕੇ ਸੁਕਾ ਕੇ ਲੈ ਆਯਾ ਤਾਂ ਅਜੇ ਪਹਿਰ ਰਾਤ ਰਹਿੰਦੀ ਸੀ। ਲਿਖਿਆ ਹੈ ਕਿ ਲਹਿਣੇ ਜੀ ਨੂੰ ਦੋਪਹਿਰ ਦਾ ਸੂਰਜ ਦਿਸਿਆ ਸੀ।

(੫) ਫਰਸ਼ ਉੱਤੇ ਬਿੱਲੀ ਹਗ ਗਈ ਤੇ ਚੂਹਾ ਮਾਰ ਕੇ ਸਿੱਟ ਗਈ। ਬਾਬੇ ਜੀ ਨੇ ਬਚਨ ਮੰਨਣ ਦੀ ਪ੍ਰੀਖਯਾ ਵਾਸਤੇ ਸ੍ਰੀਚੰਦ ਨੂੰ ਆਖਿਆ, "ਏਸ ਮੈਲੇ ਅਰ ਚੂਹੇ ਨੂੰ ਉਠਾ ਦਿਓ।" ਓਹ ਬੋਲਿਆ, "ਮੈਂ ਚੂਹੜਾ ਨਹੀਂ।" ਲਖਮੀ ਚੰਦ ਨੇ ਭੀ ਆਖਜਾ, "ਤੁਹਾਡੀ ਮੱਤ ਟਿਕਾਣੇ ਨਹੀਂ ਰਹੀ। ਭਲੇ ਮਾਣਸਾਂ ਦੇ ਪੁੱਤ੍ਰ ਏਹੋ ਜੇਹੇ ਕੰਮ ਕਰਦੇ ਹਨ?" ਲਹਿਣੇ ਜੀ ਨੇ ਦ੍ਰਿਸ਼ਟ ਕਰਨ ਸਾਰ ਦੋਵੇਂ ਉਠਾ ਕੇ ਫਰਸ਼ ਧੋ ਕੇ ਸੁੱਕਣੇ ਪਾ ਦਿੱਤਾ।

(੬) ਬਾਬੇ ਜੀ ਪਾਸ ਸੁੱਚੇ ਸੁਲੇਮਾਨੀ ਪੱਥਰ ਦਾ ਕਟੋਰਾ ਸੀ। ਦਹੀਂ ਪਾ ਕੇ ਖੂਹ ਉੱਤੇ ਇਸ਼ਨਾਨ ਕਰਨ ਗਏ। ਪੁੱਤ੍ਰ ਸਿੱਖ ਸਭ ਨਾਲ ਸੇ। ਕਟੋਰਾ ਹੱਥ ਵਿੱਚੋਂ ਇੱਕ ਗੰਦੇ ਤੇ ਡੂੰਘੇ ਚਬੱਚੇ ਵਿੱਚ ਸਿੱਟ ਕੇ ਪੁੱਤ੍ਰਾਂ ਨੂੰ ਕੱਢਣ ਲਈ ਆਖਿਆ। ਓਨ੍ਹਾਂ ਕਿਹਾ (ਦਮੜੀ ਦੀ ਬੁੱਢੀ ਟਕਾ ਸਿਰ ਮੁਨਾਈ) "ਇਕ ਪੈਸਾ ਯਾ ਸੇਰ ਦਾਣੇ ਦੇ ਕੇ ਕਿਸੇ ਮਜੂਰ ਤੋਂ ਕਢਾ ਲਵਾਂਗੇ। ਤੁਸੀਂ ਡੇਰੇ ਚੱਲੋ ਅਸੀਂ ਗੰਦੇ ਚਿੱਕੜ ਵਿੱਚ ਪਈਏ? ਸਟ ਖਾਈਏ? ਕਿਆ ਚੰਗਾ ਹੈ!" ਹੋਰ ਸਿੱਖਾਂ ਨੇ ਭੀ ਆਖਿਆ, "ਜੀ! ਸਾਹਿਬਜ਼ਾਦੇ ਸੱਚ ਆਖਦੇ ਹਨ।" ਜਾਂ ਲਹਿਣੇ ਵੰਨੀਂ ਤੱਕਜਾ ਤਾਂ ਏਨ ਝੱਟ ਪੱਟ ਚੁਬੱਚੇ

ਵਿੱਚ ਵੜ ਕੇ ਕਟੋਰਾ ਕੱਢ, ਧੋ ਮਾਂਜ ਬਾਬੇ ਦੇ ਹੱਥ ਦਿੱਤਾ। ਆਪ ਕੱਪੜੇ ਧੋ ਕੇ ਇਸ਼ਨਾਨ ਕਰ ਡੇਰੇ ਆ ਗਿਆ।

(੭) ਇੱਕ ਵਾਰੀ ਬਹੁਤ ਝੜੀ ਲੱਗੀ। ਬਰਖਾ ਨੇ ਤਿੰਨ ਦਿਨ ਲੰਗਰ ਨਾ ਹੋਣ ਦਿੱਤਾ। ਸਿੱਖਾਂ ਅਰਜ਼ ਕਰੀ, "ਸੰਗਤ ਭੁੱਖੀ ਹੈ।" ਹੁਕਮ ਹੋਯਾ, "ਤਪ ਕਰੋ।" ਦੋ ਦਿਨ ਹੋਰ ਗੁਜ਼ਰੇ ਤਾਂ ਸਿੱਖਾਂ ਨੂੰ ਭੁੱਖੇ ਡਾਮਾਂ ਡੋਲ ਫਿਰਦੇ ਦੇਖ ਕੇ (ਵਰਖਾ ਥੰਮ੍ਹੀਂ ਤੋਂ) ਇੱਕ ਟਿੱਬੇ ਉੱਤੇ ਕਿੱਕਰ ਹੇਠ ਜਾ ਬੈਠੇ। ਸ੍ਰੀ ਚੰਦ ਨੂੰ ਆਖਿਆ, "ਬੱਚਾ ਸ੍ਰੀ ਚੰਦ! ਏਸ ਉੱਤੇ ਚੜ੍ਹ ਕੇ ਹਲੂਣਾ ਦੇਹ, ਮਿਠਾਈ ਗਿਰੇ।" ਓਹ ਬੋਲਿਆ, "ਹੁਣ ਠੀਕ ਸੱਤ੍ਰੇ ਬਹਤ੍ਰੇ ਹੋ ਗਏ। ਆਪ ਹੀ ਲਿਖਾ ਚੁੱਕੇ ਹੋ:

ਸਤਰਿ ਕਾ ਮਤਿਹੀਣੁ ਅਸੀਹਾਂ ਕਾ ਵਿਉਹਾਰੁ ਨ ਪਾਵੈ ॥

(ਵਾਰ-ਮਾਝ, ਮਃ ੧ - ੧੩੮)

ਏਸੇ ਤਰ੍ਹਾਂ ਲਖਮੀਚੰਦ ਬੋਲਿਆ, "ਤੁਸੀਂ ਕਮਲੇ ਹੋ ਗਏ, ਅਸੀਂ ਤਾਂ ਨਹੀਂ ਹੋਏ। ਕਦੇ ਕਿੱਕਰਾਂ ਉਤੋਂ ਭੀ ਮਿਠਾਈ ਝੜੀ ਹੈ? ਕੰਡੇ ਤੇ ਕੌੜੀਆਂ ਫਲੀਆਂ ਝੜ ਪੈਣਗੀਆਂ।" ਹੋਰ ਸਿੱਖ ਭੀ ਬਹੁਤ ਸਾਰੇ ਓਨ੍ਹਾਂ ਦੇ ਹੀ ਬਚਨ ਦੀ ਗਵਾਹੀ ਦੇਣ ਲੱਗੇ। ਫੇਰ ਗੁਰੂ ਜੀ ਬੋਲੇ, "ਬੱਚਾ ਲਹਣਿਆ! ਤੂੰ ਹੀ ਸੰਗਤ ਨੂੰ ਮਿਠਾਈ ਛਕਾ। ਕਿੱਕਰ ਹਲਾ।" ਏਸੇ ਨੇ ਸ਼ੀਘ੍ਰ ਚੜ੍ਹ ਕੇ ਹਲਾਈ ਤਾਂ ਮਿਠਾਈ ਦੇ ਢੇਰ ਲੱਗ ਗਏ। ਸੰਗਤ ਨੇ ਰੱਜਕੇ ਛਕੀ, ਬਾਕੀ ਪੱਲੇ ਬੰਨ੍ਹੀ।

(੮) ਇੱਕ ਦਿਨ ਸਿੱਖੀ ਪਰਖਣ ਵਾਸਤੇ ਫਟੇ ਪੁਰਾਣੇ ਮੈਲੇ ਕੁਚੈਲੇ ਕੱਪੜੇ ਹੱਥ ਵਿੱਚ ਛੁਰਾ ਤੇ ਡੰਡਾ ਚਾਰ ਪੰਜ ਕੁੱਤੇ ਕੁੱਤੀਆਂ ਲੈ ਕੇ ਅਤਿ ਭਿਆਨਕ ਸਾਂਹਸੀਆਂ ਗੰਧੀਲਿਆਂ ਜੈਸਾ ਵੇਸ ਕਰ ਕੇ ਜੰਗਲ ਵਿੱਚੋਂ ਧਰਮਸਾਲਾ ਵਿੱਚ ਆ ਵੜੇ। ਜੇਹੜਾ ਅੱਗੇ ਆਵੇ, ਪੁੱਛਣ "ਤੂੰ ਕੌਣ ਹੈਂ?" ਜੋ ਆਖੇ, "ਮੈਂ ਆਪ ਦਾ ਸਿੱਖ ਹਾਂ। ਓਸੇ ਨੂੰ ਡੰਡੇ ਮਾਰਨ ਲੱਗ ਜਾਣ। ਬਹੁਤ ਸਿੱਖ ਕੁੱਟੇ। ਭਾਂਜ ਪੈ ਗਈ। ਓੜਕ ਦਰਯਾ ਕਿਨਾਰੇ ਗਏ ਤਾਂ ਜੇਹੜੇ ਭਾਈ ਬੁੱਢੇ ਵਰਗੇ ਬੜੇ ਸਿਦਕੀ ਸੇ ਸਭ ਨੂੰ ਸੁਣਾ ਕੇ ਆਖਿਆ, "ਜੋ ਮੇਰਾ ਸਿੱਖ ਹੈ ਮੇਰੇ ਪਿੱਛੇ ਆਵੇ।" ਅੱਗੇ ਗਏ ਤਾਂ ਲੱਗੇ ਸੋਟੇ ਢੀਮਾਂ ਮਾਰਨ। ਓੜਕ ਹੋਰ ਸਭ ਭੱਜ ਗਏ। ਪੰਜਾਂ ਨੇ ਏਹੋ ਆਖਿਆ, "ਭਾਵੇਂ ਮਾਰ ਦਿਓ ਪਰ ਪਿੱਛਾ ਨਹੀਂ ਛੱਡਦੇ।" ਗੁਰੂ ਜੀ ਗਹਿਰੇ ਜੰਗਲ ਵਿੱਚ ਗਏ। ਰਾਤ ਪੈ ਗਈ। ਅੰਧੇਰਾ ਹੋ ਗਿਆ ਤਾਂ ਅੱਗੇ ਚਿਤਾ ਬਲਦੀ ਨਜ਼ਰ ਆਈ। ਹੁਕਮ ਕੀਤਾ, "ਮੇਰੇ ਸਿੱਖ ਹੋ, ਤਾਂ ਏਸ ਵਿੱਚ ਪੈ ਜਾਓ।" ਏਥੋਂ ਹੋਰ ਸਭ ਪਿੱਛੇ ਹਟ ਗਏ। ਇੱਕ ਲਹਿਣਾਂ ਜੀ ਰਹੇ। ਏਹਨਾਂ ਨੇ ਜਦ ਓਸ ਵਿੱਚ ਪ੍ਰਵੇਸ਼ ਕੀਤਾ ਤਾਂ ਇੱਕ ਬੂਟੀ ਦਾ ਢੇਰ ਠੰਢਾ ਸੀਤ ਜੋ ਰਾਤ ਨੂੰ ਅੱਗ ਵਾਂਗੂੰ ਬਲਿਆ ਕਰਦੀ ਹੈ ਦੇਖਿਆ।

(੯) ਫੇਰ ਇੱਕ ਦਿਨ ਰਾਵੀ ਕਿਨਾਰੇ ਜਾ ਬੈਠੇ। ਸੰਗਤ ਓਥੇ ਹੀ ਕੱਠੀ ਹੋ ਗਈ। ਇੱਕ ਮੁਰਦਾ ਪਿਆ ਦੇਖ ਕੇ ਹੁਕਮ ਕੀਤਾ, "ਜੋ ਸੱਚਾ ਸਿੱਖ ਮੇਰਾ ਹੈ, ਸੋ ਮੁਰਦੇ ਨੂੰ ਖਾਵੇ। ਜੋ ਨਾ ਖਾਵੇ, ਸੋ ਚਲਾ ਜਾਵੇ।" ਏਹ ਸੁਣ ਕੇ ਸਭ ਖਿਸਕ ਗਏ। ਗੁਰੂ ਅੰਗਦ ਜੀ ਨੇ ਬੇਨਤੀ ਕੀਤੀ, "ਪੈਰਾਂ ਵੱਲੋਂ ਖਾਵਾਂ ਕਿ ਸਿਰ ਵੱਲੋਂ?" ਹੁਕਮ ਹੋਯਾ "ਵਿਚਕਾਰੋਂ।" ਜਾਂ ਉਸ ਦਾ ਪੜਦਾ ਚੁੱਕਿਆ ਤਾਂ ਕੜਾਹ ਪ੍ਰਸ਼ਾਦ ਨਜ਼ਰ ਆਇਆ।

(੧੦) ਇੱਕ ਦਿਨ ਸਭਾ ਵਿੱਚ ਬੈਠਿਆਂ ਬਚਨ ਕੀਤਾ, "ਜੇੜ੍ਹਾ ਆਪਣੀ ਮਾਈ ਨੂੰ ਭੋਗੇਗਾ ਓਹ ਸਾਡਾ ਸਿੱਖ ਹੈ। ਬਾਕੀ ਦੇਖਾ ਦੇਖੀ ਹੈ ਤੇ ਮਾਯਾ ਦੇ ਹਨ।" ਏਹ ਸੁਣ ਕੇ ਹੋਰ ਸਭ ਕੋਈ ਮਨ ਵਿੱਚ ਕੋਈ ਜ਼ਾਹਰ ਆਖਣ ਲੱਗ ਪਏ ਜੋ ਠੀਕ ਸਾਹਿਬਜ਼ਾਦੇ ਆਖਦੇ ਹੁੰਦੇ ਹਨ ਕਿ ਗੁਰੂ ਜੀ ਦੀ ਬੁੱਧੀ ਟਿਕਾਣੇ ਨਹੀਂ ਰਹੀ। ਭਲਾ ਏਹ ਅਨਰਥ ਕੌਣ ਕਰ ਸਕਦਾ ਹੈ? ਪਰੰਤੂ ਲਹਿਣਾ ਜੀ ਚੁੱਪ ਚਾਪ ਉੱਠ ਕੇ ਖਡੂਰ ਨੂੰ ਚਲੇ ਗਏ ਤੇ ਆਪਣੀ ਮਾਤਾ ਦਾ ਮੰਮਾ ਚੁੰਘ ਕਰ ਕੇ ਚਲੇ ਆਏ। ਜਦ ਆਏ ਤਾਂ ਗੁਰੂ ਜੀ ਨੇ ਪੁੱਛਿਆ, "ਪੁਰਖਾ! ਮਾਈ ਨੂੰ ਭੋਗ ਆਯਾ ਹੈਂ?" ਤਾਂ ਹੱਥ ਜੋੜ ਕੇ ਅੰਗਦ ਜੀ ਬੋਲੇ, "ਭੋਗ ਆਯਾ ਹਾਂ।" ਤੇ ਆਖਿਆ, "ਸੱਚੇ ਪਾਤਸ਼ਾਹ! ਪ੍ਰਥਮੇ

ਤਾਂ ਮਾਯਾ ਨੂੰ ਸਭ ਪੁਰਖ ਭੋਗਦੇ ਹਨ। ਮਾਯਾ ਪ੍ਰਕ੍ਰਿਤ, ਏਹੋ ਸਭ ਦੀ ਜਨਨੀ ਹੈ। ਦੂਸਰੇ ਮੈਂ ਮਾਤਾ ਦਾ ਮੰਮਾ ਚੁੰਘ ਆਯਾ ਹਾਂ, ਏਹੋ ਮਾਈ ਦਾ ਭੋਗਣਾ ਹੈ।"

# (ਪਾਃ ੨ - ੪)

## ਗੁਰਿਆਈ ਮਿਲਣੀ

ਐਡੀ ਵੱਡੀ ਡੂੰਘੀ ਦਲੀਲ ਤੇ ਸਿਦਕ ਬੁੱਧੀ ਦੇਖ ਕੇ ਦਸ ਪ੍ਰਕਾਰ ਦੀਆਂ ਭੁਲਾਣੀਆਂ ਕਸੌਟੀਆਂ ਦੇ ਕੇ ਜਦ ਲਹਿਣੇ ਜੀ ਨੂੰ ਬਾਰਾਂ ਵੰਨੀਂ ਦੇ ਕੰਚਨ ਵਾਂਗੂੰ ਸੁੱਧ ਗੁਰਿਆਈ ਦੇ ਲਾਇਕ ਦੇਖ ਲੀਤਾ ਤਾਂ ਬਾਬੇ ਜੀ ਨੇ ਬਹੁਤ ਖ਼ੁਸ਼ੀ ਹੋ ਕੇ ਲਹਿਣੇ ਜੀ ਨੂੰ ਭੁਜਾ ਵਿੱਚ ਘੁੱਟ ਕੇ ਗਲ ਨਾਲ ਲਾ ਲੀਤਾ ਅਤੇ ਬਚਨ ਕੀਤਾ ਅੰਗਦਾ! ਤੈਂ ਅਸਾਨੂੰ ਅੰਗ ਦਿੱਤਾ ਸੀ ਹੁਣ ਅਸਾਂ ਤੈਨੂੰ ਆਪਣਾ ਅੰਗ ਦੇ ਕੇ ਤੇਰਾ ਨਾਮ ਅੰਗਦ ਰੱਖਿਆ ਤੂੰ ਅੱਜ ਤੋਂ ਅੰਗਦ ਹੋਯਾ ਤੇ ਸਾਰੇ ਸੰਸਾਰ ਸਮੁੰਦ੍ਰ ਥੀਂ ਤਾਰਨ ਦਾ ਮਲਾਹ ਹੋਯਾ।

ਏਤਨੇ ਨਾਲ ਹੀ ਅੰਗਦ ਜੀ ਦੇ ਕਪਾਟ ਖੁੱਲ੍ਹ ਗਏ। ਰਿੱਧੀ ਸਿੱਧੀ ਬ੍ਰਹਮਗਯਾਨ ਸਭ ਸਾਖਯਾਤ ਹੋ ਗਿਆ। ਗੁਰਮੰਤ੍ਰ ਜਪਣ ਦੀ ਤੇ ਉਪਦੇਸ਼ ਕਥਨ ਦੀ ਸਭ ਰੀਤਿ ਤਾਂ ਪਹਿਲੇ ਹੀ ਸਮਝਾ ਰਖੀ ਸੀ। ਸਭ ਸੰਗਤ ਦਾ ਦਰਬਾਰ ਤੇ ਕੜਾਹ ਪ੍ਰਸ਼ਾਦ ਕਰਾ ਕੇ, ਅੰਗਦ ਜੀ ਨੂੰ ਇਸ਼ਨਾਨ ਕਰਵਾ, ਨਵੀਨ ਪੁਸ਼ਾਕੀ ਪਹਿਨਾ, ਆਪਣੀ ਗੱਦੀ ਉੱਤੇ ਬਠਾ, ਬਾਬੇ ਬੁੱਢੇ ਤੋਂ ਕੇਸਰ ਦਾ ਤਿਲਕ ਕਰਵਾ, ਪੰਜ ਪੈਸੇ ਇੱਕ ਨਾਰੀਅਲ ਅੱਗੇ ਰੱਖ ਕੇ, ਤਿੰਨ ਪ੍ਰਕ੍ਰਮਾਂ ਕਰ ਕੇ, ਅੰਗਦ ਜੀ ਅੱਗੇ ਮੱਥਾ ਟੇਕ ਦਿੱਤਾ। ਅੰਗਦ ਜੀ ਜਦਪਿ ਏਸ ਬੋਝ ਨੂੰ ਉਠਾਉਣਾ ਨਹੀਂ ਚਾਹੁੰਦੇ ਸੇ। ਪਰ ਗੁਰੂ ਨਾਨਕ ਸਾਹਿਬ ਮਰਯਾਦਾ ਪੁਰਸ਼ੋਤਮ ਨੇ ਆਪਣਾ ਬਚਨ ਮਨਾ ਲਿਆ। ੧੩ ਮਘਰ ਸੰਮਤ ੧੫੯੪ ਬਿਕ੍ਰਮੀ ਨੂੰ ਗੱਦੀ ਦੇ ਮੱਥਾ ਟੇਕ, ਸੰਗਤਾ ਤੋਂ ਟਿਕਾ ਦਿੱਤਾ ਤੇ ਬਾਬੇ ਬੁੱਢੇ ਆਦਿਕ ਸਭ ਸਿੱਖਾਂ ਨੂੰ ਹੁਕਮ ਸੁਣਾਯਾ ਕਿ ਅੱਜ ਤੋਂ ਅੰਗਦ ਜੀ ਨੂੰ ਮੇਰਾ ਸਰੂਪ ਮੰਨਣਾ। ਏਹ ਜਗਤ ਗੁਰੂ ਸੰਗਤਾਂ ਦੇ ਤਾਰਣਹਾਰਾ ਮਲਾਹ ਕੀਤਾ ਗਿਆ ਹੈ। ਜੋ ਏਸ ਨੂੰ ਮੇਰਾ ਰੂਪ ਨਾ ਮੰਨੇਗਾ, ਓਹ ਮੇਰਾ ਸਿੱਖ ਨਹੀਂ। ਮੈਂ ਆਪਣੀ ਕਮਾਈ, ਸ਼ਕਤੀ, ਅਕਾਲ ਪੁਰਖ ਦੀ ਬਖ਼ਸ਼ੀਸ਼; ਸਭ ਏਸ ਨੂੰ ਬਖ਼ਸ਼ੀ ਹੈ।

ਏਸ ਬਚਨ ਨੂੰ ਸਭ ਨੇ ਪ੍ਰਵਾਨ ਕੀਤਾ। ਪਰੰਤੂ {ਸਾਬਿਜ਼ਾਦਿਆਂ ਦੀ ਵਿਰੋਧਤਾ} ਸ੍ਰੀ ਚੰਦ, ਲਖਮੀ ਚੰਦ ਜੀ ਮਨ ਵਿੱਚ ਬਹੁਤ ਖਿਝੇ ਤੇ ਵੱਧ ਘੱਟ ਬੋਲਦੇ ਹੋਏ ਬੜੇ ਕ੍ਰੋਧਵਾਨ ਹੋਏ। ਏਸੇ ਕ੍ਰੋਧ ਵਿੱਚ ਸ੍ਰੀ ਚੰਦ ਜੀ ਸਿਰ ਵਿੱਚ ਸੁਆਹ ਪਾ ਕੇ ਇੱਕ ਟਾਹਲੀ ਹੇਠ ਪਿੰਡੋਂ ਬਾਹਰ ਜਾ ਬੈਠੇ ਤੇ ਲਖਮੀ ਚੰਦ ਜੀ ਘਰ ਜਾ ਬੈਠੇ।

ਬਾਬੇ ਜੀ ਨੇ ਪੁੱਤ੍ਰਾਂ ਦਾ ਵਿਰੋਧ ਵਧਦਾ ਦੇਖ ਕੇ ਅੰਗਦ ਜੀ ਨੂੰ ਆਖਿਆ, "ਪੁਰਖਾ! ਹੁਣ ਤੂੰ ਆਪਣੇ ਨਗਰ ਖਡੂਰ ਜਾਇ ਰਹੁ ਤੇ ਓਥੇ ਹੀ ਰਹਿਣਾ, ਏਥੇ ਨਹੀਂ ਆਵਣਾ, ਅਸੀਂ ਆਪ ਹੀ ਤੇਰੇ ਪਾਸ ਆਵਾਂਗੇ।"

ਬਚਨ ਮੰਨ ਕੇ ਬੇਵਸ ਹੋਏ ਹੋਏ ਗੁਰੂ ਅੰਗਦ ਜੀ ਬਾਬੇ ਨਾਨਕ ਜੀ ਦੇ ਚਰਨਾਂ ਨੂੰ ਬਾਰ ਬਾਰ ਚੁੰਮ ਚੁੰਮ ਕੇ, ਨੇਤ੍ਰਾਂ ਤੋਂ ਜਲ ਪੂਰਨ ਕਰਦੇ ਖੰਡੂਰ ਸਾਹਿਬ ਨਿਹਾਲੇ ਜੱਟ ਦੇ ਘਰ (ਜੋ ਗੁਰੂ ਜੀ ਦਾ ਸਿਦਕੀ ਸਿੱਖ ਸੀ) ਜਾ ਠਹਿਰੇ। ਨਿਹਾਲੇ ਦੀ ਇਸਤ੍ਰੀ ਭਿਰਾਈ ਨਾਮ ਗੁਰੂ ਅੰਗਦ ਜੀ ਨੂੰ ਦੇਖ ਕੇ ਬਾਗ਼ ਬਾਗ਼ ਹੋ ਗਈ। ਅਤਿ ਸਰਧਾ ਨਾਲ ਚਰਨਾਂ ਉੱਤੇ ਮੱਥਾ ਟੇਕਿਆ। ਗੁਰੂ ਜੀ ਨੇ (ਜਿਨ੍ਹਾਂ ਨੂੰ ਬਾਬੇ ਜੀ ਦੇ ਵਿਯੋਗ ਦਾ ਵੈਰਾਗ ਹੋ ਰਿਹਾ ਸੀ) ਬੜਾ ਹੌਸਲਾ ਕਰ ਕੇ ਆਖਿਆ, "ਮਾਈ! ਸਾਨੂੰ ਇੱਕ {ਭਿਰਾਈ ਜੀ ਦੇ ਘਰ ਇਕਾਂਤ ਤਪ} ਕੋਠੜੀ ਏਕਾਂਤ ਦੇਹ ਤੇ ਓਸ ਵਿੱਚ ਬੈਠ ਕੇ ਬਾਹਰੋਂ ਜਿੰਦਰਾ ਲਾ ਛੱਡ।" ਮਾਈ ਨੇ ਓਸੇ ਤਰ੍ਹਾਂ ਕੀਤਾ ਤੇ ਗੁਰੂ ਜੀ ਦੇ ਕਹੇ ਅਨੁਸਾਰ ਰੋੜਾਂ ਦਾ ਬਿਸਤਰਾ ਕਰ ਦਿੱਤਾ। ਉਸ ਉੱਪਰ ਬੈਠ ਕੇ ਗੁਰੂ ਅੰਗਦ ਜੀ ਤਪੱਸਯਾ ਕਰਨ ਲੱਗੇ। ਅੱਠੀ ਪਹਿਰੀਂ ਪਾਉ ਭਰ ਦੁੱਧ ਤੇ ਚਾਰ ਤੋਲੇ ਦੀ ਇੱਕ ਫੁਲਕੀ ਛਕਣ। ਰਾਤ ਨੂੰ ਬਾਹਰ ਨਿੱਕਲ ਜਾਣ ਤੇ ਬਹੁਤ ਤੜਕੇ ਇਸ਼ਨਾਨ ਕਰ ਕੇ ਫੇਰ ਆ ਬੈਠਣ। ਓਧਰ ਬਾਬਾ ਜੀ ਭੀ (ਪੁਤਰਾਂ ਦੇ ਆਗਿਆਕਾਰੀ ਨਾ ਹੋਣ ਕਰ) ਉਦਾਸ ਹੀ ਰਹਿੰਦੇ ਰਹੇ। ਕਦੇ ਪੱਖੋਕੇ ਪਿੰਡ

ਸਾਧਾਰਣ ਸਿੱਖ ਦੇ ਰਹਿਣ, ਕਦੇ ਜੰਗਲ ਵਿੱਚ ਜਾ ਬੈਠਣ। ਕਦੇ ਕਰਤਾਰਪੁਰ ਸੰਗਤਾਂ ਨੂੰ ਉਪਦੇਸ਼ ਦੇਣ।

ਅੱਠ ਮਹੀਨੇ ਗੁਜ਼ਰੇ ਤਾਂ ਇੱਕ ਧੀਰੂ ਨਾਈ ਤੇ ਸਾਧਾਰਨ ਨੂੰ ਨਾਲ ਲੈ ਕੇ ਚੁੱਪ ਚਾਪ ਖੰਡੂਰ ਜਾ ਮਾਈ ਭਿਰਾਈ ਤੋਂ ਬੂਹਾ ਖੁਲ੍ਹਾਯਾ ਤਾਂ ਗੁਰੂ ਅੰਗਦ ਜੀ ਦੀ ਅਖੰਡ ਸਮਾਧੀ ਲੱਗੀ ਹੋਈ ਦੇਖੀ। ਜਿਸ ਸਰੂਪ ਦਾ ਓਹ ਧਯਾਨ ਕਰਦੇ ਸੀ, ਓਹ ਆਪਣਾ ਰੂਪ ਗੁਰੂ ਨਾਨਕ ਜੀ ਨੇ ਆਤਮਕ ਵਿੱਦਯਾ ਦੀ ਸ਼ਕਤੀ ਨਾਲ ਖਿੱਚ ਲਿਆ। ਗੁਰੂ ਅੰਗਦ ਜੀ ਦੇ ਨੇਤ੍ਰ ਖੁਲ੍ਹੇ ਤਾਂ ਓਹੋ ਇਸ਼ਟ ਦੇਵ ਸਤਿਗੁਰੂ ਸਾਮ੍ਹਣੇ ਦੇਖੇ। ਗਦ ਗਦ ਗਿਰਾ ਰੋਮਾਂਚ ਹੋ ਕਰ ਨੇਤ੍ਰ ਬਹਿ ਤੁਰੇ ਤੇ ਚਰਨਾਂ ਉੱਪਰ ਡਿਗ ਪਏ। ਬਾਬੇ ਜੀ ਨੇ ਛਾਤੀ ਨਾਲ ਲਗਾ ਕੇ ਗਿਆਨ ਵਿਗਯਾਨ ਦ੍ਰਿੜ੍ਹਾਯਾ। ਦਿਨੇ ਦੋਵੇਂ ਗੁਰੂ ਓਸ ਕੋਠੜੀ ਵਿੱਚ ਆ ਬੈਠਣ ਤੇ ਰਾਤ ਨੂੰ ਜੰਗਲ ਵਿੱਚ ਮੰਗਲ ਕਰਿਆ ਕਰਨ। ਦੋ ਮਹੀਨੇ ਏਸੇ ਪ੍ਰਕਾਰ ਗੁਜ਼ਾਰੇ। ਓਧਰ ਸੰਗਤ ਗੁਰੂ ਨਾਨਕ ਜੀ ਦੇ ਦਰਸ਼ਨ ਬਿਨਾ ਬਿਆਕੁਲ ਹੋਈ ਤਾਂ ਅੰਤ੍ਰਜਾਮੀ ਸਰਬੱਗਯ ਗੁਰੂ ਨਾਨਕ ਜੀ ਨੇ ਕਰਤਾਰਪੁਰ ਨੂੰ ਚੱਲਣ ਲੱਗਿਆਂ ਪਿਆਰ ਦਿੱਤਾ। ਪਿੱਠ ਠੋਕ ਕਰ ਬਚਨ ਕੀਤਾ, "ਪੁਰਖਾ! ਮੈਂ ਜਿਤਨੇ ਜਪ ਤਪ ਕੀਤੇ ਹਨ, ਸਭ ਤੇਰੇ ਵਾਸਤੇ ਹਨ। ਤੂੰ ਏਹ ਅਤਿ ਕਠਿਨ ਤਪੱਸਯਾ ਨਾ ਕਰ।" ਏਹ ਕਹਿ ਕੇ ਬਾਬੇ ਜੀ ਨੇ ਤਾਂ ਕਰਤਾਰਪੁਰ ਸੰਗਤ ਨੂੰ ਜਾ ਦਰਸ਼ਨ ਦਿੱਤੇ ਅਤੇ ਗੁਰੂ ਅੰਗਦ ਜੀ ਓਸੇ ਪ੍ਰਕਾਰ ਗੁਰਦੇਵ ਜੀ ਦੇ ਧਯਾਨ ਵਿੱਚ ਮਗਨ ਬੈਠੇ ਰਹੇ।

ਅਜੇ ਚਾਰ ਮਹੀਨੇ ਭੀ ਨਹੀਂ ਹੋਏ ਸੇ ਕਿ ਗੁਰੂ ਅੰਗਦ ਜੀ ਦੇ ਪ੍ਰੇਮ ਨੇ ਐਡੀ ਡਾਢੀ ਖਿੱਚ ਕੀਤੀ ਜੁ ਬਾਬਾ ਜੀ ਸਾਧਾਰਨ ਦੇ ਘਰੋਂ ਤੁਰ ਕੇ ਝੱਟਪੱਟ ਹੀ ਖੰਡੂਰ ਆ ਗਏ ਤੇ ਕੋਠੜੀ ਦਾ ਬੂਹਾ ਆ ਖੁਲ੍ਹਾਯਾ। ਗੁਰੂ ਅੰਗਦ ਜੀ ਨੇ ਛੇਤੀ ਨਾਲ ਉੱਠ ਕੇ ਚਰਣਾਂ ਉੱਪਰ ਸੀਸ ਰੱਖ ਦਿੱਤਾ। ਬਾਬੇ ਜੀ ਨੇ ਉਠਾ ਗਲੱਫੜੀ ਵਿੱਚ ਲੈ ਕੇ ਪਯਾਰ ਦਿੱਤਾ। ਤਪ ਕਰਦਿਆਂ ਗੁਰੂ ਅੰਗਦ ਜੀ ਦੀਆਂ ਭਾਵੇਂ ਹੱਡੀਆਂ ਹੀ ਰਹਿ ਗਈਆਂ ਸਨ, ਪਰੰਤੂ ਚੇਹਰੇ ਦੀ ਜੋਤਿ ਅਜੇਹੀ ਸ਼ਕਤੀ ਵਾਲੀ ਸੀ ਕਿ ਕੋਈ ਸਾਹਮਣੇ ਨਹੀਂ ਤੱਕ ਸਕਦਾ ਸੀ।

ਗੁਰੂ ਨਾਨਕ ਜੀ ਦਾ ਖੰਡੂਰ ਪਹੁੰਚਣਾ ਭੀ ਨਿਹਾਲੇ ਸਿੱਖ ਨੇ ਜ਼ਾਹਰ ਨਾ ਕੀਤਾ ਤੇ ਮਾਈ ਭਿਰਾਈ ਮਨੋ ਤਨੋ ਹੋ ਕੇ ਸੇਵਾ ਕਰਦੀ ਰਹੀ। ਪੰਦ੍ਰਾਂ ਕੁ ਦਿਨ ਗੁਰੂ ਨਾਨਕ ਜੀ ਓਥੇ ਰਹੇ ਤੇ ਆਪਣੀ ਜਾਤ੍ਰਾ ਦੀਆਂ ਸਭ ਕਥਾਂ ਸੁਣਾਈਆਂ। ਜਦ ਬਾਬਾ ਜੀ ਤੁਰਨਾ ਚਾਹੁੰਦੇ ਤਦੋਂ ਹੀ ਗੁਰੂ ਅੰਗਦ ਜੀ ਦਾ ਵੈਰਾਗ ਛੁੱਟ ਪਵੇ। ਫੇਰ ਬਾਬੇ ਜੀ ਨੇ ਜਪੁਜੀ ਸਾਹਿਬ ਤੋਂ ਮੂਲ ਮੰਤ੍ਰ ਦੇ ਅਰਥ ਦ੍ਰਿੜ੍ਹ ਕਰਾਏ ਤੇ ਕਿਹਾ ਏਸ ਮੰਤ੍ਰ ਦੇ ਜਾਪ ਕਰਨੇ ਕਰ ਦਿਨੋਂ ਦਿਨ ਗਯਾਨ ਵਧਦਾ ਹੈ ਤੇ ਕੋਈ ਜਿੰਨ, ਭੂਤ, ਜਾਦੂ, ਟੂਣਾ ਨੇੜੇ ਨਹੀਂ ਆਂਵਦਾ। ਜਦ ਫੇਰ ਭੀ ਗੁਰੂ ਅੰਗਦ ਜੀ ਦਾ ਮੋਹ ਨਾ ਟੁੱਟਿਆ, ਤਾਂ ਬਾਬੇ ਜੀ ਨੇ ਬ੍ਰਹਮ ਵਿੱਦਯਾ ਦਾ ਉਪਦੇਸ਼ ਸਪਸ਼ਟ ਕਰ ਕੇ ਦ੍ਰਿੜ੍ਹ ਕਰਾਯਾ। ਪਹਿਲੇ ਬ੍ਰਣਾਸ਼੍ਰਮ ਦੇ ਧਰਮ ਦੱਸੇ। ਪੁਨਾ ਵੈਰਾਗ (ਖਟ ਸੰਪਤੀ) ਸਮ, ਦਮ, ਉਪ੍ਰੰਤਿ ਤਤਿੱਖਯਾ, ਸ਼ਰਧਾ ਸਵਾਧਾਨਤਾ; ਏਨ੍ਹਾਂ ਦੇ ਕਾਰਨ ਸਰੂਪ ਫ਼ਲ ਅਵਧਿ ਸਮਝਾ ਕੇ ਮਮੁੱਖਯਤਾ ਦੱਸ ਕਰ ਸ੍ਰਵਣ ਮੰਨਨ, ਨਿਧਯਾਸਨ, ਸਾਖਯਾਤ ਚਾਰ ਪ੍ਰਕਾਰ ਦਾ ਗਯਾਨ, ਚਾਰ ਪ੍ਰਕਾਰ ਦੀ ਅਗਨੀ ਦਾ (ਚੁੱਲ੍ਹੇ ਦੀ ੧, ਦਉਂ ਦੀ ੨, ਬੜਵਾਨਲ ਦੀ ੩, ਮਹਾ ਪ੍ਰਲੈ ਦੀ ੪) ਦ੍ਰਿਸ਼ਟਾਂਤ ਦੇ ਕੇ ਬ੍ਰਹਮ ਗਿਆਨ ਦ੍ਰਿੜ੍ਹ ਕਰਾਯਾ। ਜਿਉਂ ਜਿਉਂ ਬਿਬੇਕ ਦਾ ਅਭਿਆਸ ਕਰਾਉਂਦੇ ਗਏ, ਤਿਉਂ ਤਿਉਂ ਤਿੰਨਾਂ ਦੇਹਾਂ, ਪੰਜਾਂ ਕੋਸ਼ਾਂ ਤੋਂ ਆਤਮਾ ਵੱਖਰਾ ਪ੍ਰਮਾਤਮਾ ਦਾ ਰੂਪ ਦ੍ਰਿੜ੍ਹ ਹੁੰਦਾ ਗਿਆ। ਫੇਰ ਨੌਂ ਦੇਸ ਕਾਲ ਵਸਤੂ ਈਸ਼੍ਵਰ ਦੇ, ਨੌਂ ਦੇਸ ਕਾਲ ਵਸਤੂ ਜੀਵ ਦੇ ਦਿਖਾ ਕਰ; ਨੌਂ ਪ੍ਰਕਾਰ ਦਾ ਅਭਯਾਸ ਕਰਾਯਾ ਤੇ ਮੁੰਜ ਵਿੱਚੋਂ ਤੀਲ ਵੱਖਰੀ ਕਰ ਦਿਖਾਉਣ ਵਾਂਗੂੰ ਆਤਮਾ ਪਿੰਡ ਤੋਂ, ਪ੍ਰਮਾਤਮਾਂ ਬ੍ਰਹਮੰਡ ਤੋਂ ਨਯਾਰੇ ਨਯਾਰੇ ਤੇ ਇੱਕ ਰੂਪ ਕਰ ਦਿਖਾਏ। ਭਾਵੇਂ ਗੁਰੂ ਅੰਗਦ ਜੀ ਤਾਂ ਪਹਿਲੇ ਹੀ ਬਾਬੇ ਜੀ ਦੀ ਕ੍ਰਿਪਾ ਨਾਲ ਪੂਰਨ ਬ੍ਰਹਮ ਗਿਆਨੀ ਜੋਗੀ ਬਣ ਰਹੇ ਸੇ, ਪਰੰਤੂ ਹੋਰ ਸਿੱਖਾਂ

ਵਾਸਤੇ ਬ੍ਰਹਮ ਵਿੱਦਜਾ ਦੀ ਪ੍ਰਕਿਰਿਆ ਪ੍ਰਗਟ ਕਰਨੀ ਜੋਗ ਸੀ। ਏਸ ਕਰ ਕੇ ਗੁਰੂ ਅੰਗਦ ਜੀ ਦੁਆਰਾ ਪ੍ਰਗਟ ਕੀਤੀ।

ਜਦ ਬਾਬਾ ਜੀ ਇਸ ਪ੍ਰਕਾਰ ਬ੍ਰਹਮ ਵਿੱਦਜਾ ਦ੍ਰਿੜਾਕੇ ਤੁਰਨ ਲੱਗੇ ਤਾਂ ਗੁਰੂ ਅੰਗਦ ਜੀ ਨੂੰ ਵੈਰਾਗ ਨਾ ਹੋਜਾ। ਏਸ ਲਈ ਬਾਬਾ ਜੀ ਬੜੇ ਖ਼ੁਸ਼ੀ ਹੋਏ ਤੇ ਥਾਪੀ ਦੇ ਕੇ ਮੁੜ ਪੱਖੋਂ ਕੇ ਪਿੰਡ ਸਾਧਾਰਣ ਸਿੱਖ ਦੇ ਘਰ ਆ ਰਹੇ ਤੇ ਓਥੋਂ ਕਰਤਾਰਪੁਰ ਪਹੁੰਚ ਕੇ ਸਣਦੇਹ ਸਚ ਖੰਡ ਨੂੰ ਚਲੇ ਗਏ।

## (ਪਾਃ ੨ - ੫)

## ਗੁਰੂ ਅੰਗਦ ਜੀ ਦਾ ਸੁਤੰਤ੍ਰ ਗੁਰੂ ਹੋਣਾ

ਗੁਰੂ ਨਾਨਕ ਜੀ ਦੇ ਪਿੱਛੋਂ ਭਾਵੇਂ ਸਾਹਿਬਜ਼ਾਦੇ ਤਾਂ ਓਸੇ ਗੱਦੀ ਪਰ ਬੈਠ ਕੇ ਬਥੇਰਾ ਸੰਗਤ ਨੂੰ ਸ਼ਬਦ ਸਾਖੀ ਸੁਣਾ ਰਹੇ, ਪਰ ਸੰਗਤ ਗੁਰਾਂ ਦੇ ਦਰਸ਼ਨ ਉਪਦੇਸ ਬਿਨਾ ਬਜਾਕੁਲ ਹੋਈ ਹੋਈ ਸ੍ਵਾਂਤਿ ਦੇ ਪਜਾਸੇ ਪਪੀਹੇ ਵਾਂਗੂੰ ਗੁਰੂ ਅੰਗਦ ਜੀ ਦੇ ਦੇਖਣ ਨੂੰ ਚਾਹ ਰਹੀ ਸੀ। ਓੜਕ {ਸਿੱਖਾਂ ਨੇ ਗੁਰੂ ਜੀ ਦੀ ਢੂੰਢ ਕਰਨੀ} ਲਾਲੋ, ਸਾਧਾਰਣ, ਅਜਿਤੇ, ਧੀਰੂ, ਬੂੜੇ, ਭਗੀਰਥੀਏ ਆਦਿਕ ਸਿੱਖਾਂ ਨੇ ਭਾਈ ਬੁੱਢੇ ਨੂੰ ਆਖਜਾ, "ਤੂੰ ਕਿਹਾ ਕਰਦਾ ਸੈਂ ਕਿ ਮੈਂ ਸਮਾਧੀ ਲਾ ਕੇ ਗੁਪਤ ਚੀਜ਼ ਦੇਖ ਸਕਦਾ ਹਾਂ। ਹੁਣ ਦੱਸ ਖਾਂ, ਗੁਰੂ ਅੰਗਦ ਜੀ ਕਿਥੇ ਹਨ? ਡੇਢ ਦੋ ਬਰਸ ਤੋਂ ਉਨ੍ਹਾਂ ਦਾ ਕੋਈ ਪਤਾ ਨਹੀਂ ਲੱਗਦਾ। ਕਿਵੇਂ ਪਤਾ ਲਗਾਓ।" ਤਦ ਰਾਤ ਨੂੰ ਭਾਈ ਬੁੱਢੇ ਨੇ ਏਕਾਗ੍ਰ ਬ੍ਰਿਤਿ ਕਰ ਕੇ ਦੇਖਿਆ ਤੇ ਸ੍ਵੇਰੇ ਸੰਗਤਾਂ ਨੂੰ ਨਾਲ ਲੈ ਤੁਰਜਾ ਤੇ ਰਵਾਂ ਰਵੀ ਮਾਈ ਭਿਰਾਈ ਦੇ ਬੂਹੇ ਅੱਗੇ ਖੰਡੂਰ ਵਿੱਚ ਆ ਬੈਠਾ। ਭਿਰਾਈ ਨੇ ਆਖਿਆ, "ਏਥੇ ਤੁਹਾਡਾ ਗੁਰੂ ਨਹੀਂ।" ਭਾਈ ਬੁੱਢੇ ਜੀ ਨੇ ਆਖਿਆ, "ਮੀਂਹ ਵੁੱਠਾ, ਪੁੱਤ੍ਰ ਜੰਮਿਆ, ਚੰਦ ਚੜ੍ਹਿਆ, ਧਨ ਲੱਭਿਆ, ਭਲਾ ਕਦੇ ਛਿਪਿਆ ਹੈ?" ਸੰਗਤ ਦਾ ਪ੍ਰੇਮ ਦੇਖ ਕੇ ਮਾਈ ਨੇ ਓਸ ਕੋਠੜੀ ਵੰਨੀਂ ਹੱਥ ਕਰ ਦਿੱਤਾ, ਜਿਸ ਦੇ ਅੰਦਰ ਗੁਰੂ ਜੀ ਸੇ। ਭਾਈ ਬੁੱਢੇ ਜੀ ਨੇ ਬੂਹਾ ਖੋਲ੍ਹਿਆ ਤਾਂ ਕੀ ਦੇਖੇ ਜੋ ਰੋੜਾਂ ਦੇ ਬਿਸਤਰੇ ਪਰ ਜੋਤ ਹੀ ਜੋਤ ਪ੍ਰਕਾਸ਼ ਰਹੀ ਹੈ। ਸੰਗਤ ਨੂੰ ਦੇਖ ਤੇ ਬਾਬੇ ਜੀ ਦਾ ਜੋਤੀ ਜੋਤ ਸਮਾਵਣਾ ਸਮਝ ਕੇ ਗੁਰੂ ਅੰਗਦ ਜੀ ਦੇ ਨੇਤਰ ਵਹਿ ਤੁਰੇ। ਸਿੱਖਾਂ ਨੇ ਚਰਨਾਂ ਉੱਪਰ ਸੀਸ ਧਰੇ ਤੇ ਪੱਕ ਜਾਣ ਲਿਆ ਕਿ:

ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ ॥

(ਰਾਮਕਲੀ ਵਾਰ-੩, ਬਲਵੰਡਿ ਤੇ ਸਤਾ - ੯੬੬)

ਸਾਖਜਾਤ ਗੁਰੂ ਨਾਨਕ ਜੀ ਹਨ। ਗੁਰੂ ਜੀ ਨੇ ਆਖਿਆ, "ਭਾਈ ਜੀ! ਜੋ ਕੁਛ ਚਾਹੀਦਾ ਹੈ ਮੰਗੋ।" ਬੁੱਢੇ ਜੀ ਨੇ ਹੱਥ ਜੋੜ ਕੇ ਮੰਗਿਆ, "ਜੀ! ਸੰਗਤਾਂ ਨੂੰ ਖੁੱਲ੍ਹੇ ਦਰਸ਼ਨ ਦਿਓ ਤੇ ਸਤਿਨਾਮ ਦ੍ਰਿੜ੍ਹਾ ਕੇ ਜਗਤ ਦਾ ਉਧਾਰ ਕਰੋ।" ਸੰਗਤ ਦੀ ਬੇਨਤੀ ਮੰਨ ਕੇ {ਗੁਰੂ ਜੀ ਪ੍ਰਗਟ} ਗੁਰੂ ਜੀ ਪ੍ਰਗਟ ਹੋਏ। ਜਿਉਂ ਜਿਉਂ ਸੰਗਤਾਂ ਨੂੰ ਖ਼ਬਰ ਹੋਈ, ਤਿਉਂ ਤਿਉਂ ਸਿੱਖ ਲੱਗੇ ਆਵਣ। ਰਿਧੀ ਸਿਧੀ ਬਹੁਤ ਆਵੇ। ਲੰਗਰ ਦੋ ਵਕਤ ਹੋਵੇ। ਜੋ ਕੁਛ ਆਵੇ ਸਭ ਲੰਗਰ ਵਿੱਚ ਪਾ ਦੇਣ। ਖੀਰ ਕੜਾਹ ਪ੍ਰਸ਼ਾਦਿ ਲੱਗਾ ਹੋਣ। ਭਾਵੇਂ ਰਾਤ ਦਿਨੇ ਸੰਗਤ ਦੀ ਭੀੜ ਬਣੀ ਰਹੇ, ਤਾਂ ਬੀ ਗੁਰੂ ਅੰਗਦ ਜੀ ਤਪਿਆਣੇ ਤਲਾਉ ਦੇ ਕਿਨਾਰੇ ਰੋੜਾਂ ਦੇ ਢੇਰ ਉੱਤੇ ਬੈਠ ਕੇ ਹਮੇਸ਼ ਤਪ ਕਰਦੇ ਰਹੇ। ਬਾਕੀ ਦੋ ਪਹਿਰ ਬਿਰਾਜਣ, ਚਾਰ ਪਹਿਰ ਸਭਾ ਵਿੱਚ ਬੈਠਣ ਤੇ ਸ਼ਬਦ ਸਾਖੀ ਕੀਰਤਨ ਹੋਵੇ।

ਭਾਈ {ਸਾਦੂ ਬਾਦੂ ਰਬਾਬੀ} ਸਾਦੂ, ਬਾਦੂ (ਸਜਾਦੇ ਦੇ ਬੇਟੇ, ਭਾਈ ਮਰਦਾਨੇ ਦੇ ਪੋਤਰੇ) ਗੁਰੂ ਅੰਗਦ ਜੀ ਅੱਗੇ ਸਿੱਖਾਂ ਦੀ ਸਭਾ ਵਿੱਚ ਅੰਮ੍ਰਿਤ ਵੇਲੇ 'ਆਸਾ ਦੀ ਵਾਰ' ਤੇ ਪਿਛਲੇ ਵੇਲੇ ਹੋਰ ਕੀਰਤਨ ਕਰ ਕੇ ਸੰਗਤ ਨੂੰ ਆਨੰਦ ਕਰਨ।

ਭਾਈ ਬਾਲੇ ਨੂੰ ਖ਼ਬਰ ਹੋਈ ਤਾਂ ਆਣ ਦਰਸ਼ਨ ਕੀਤੇ ਤੇ ਮਸਾਲ ਨਾਲੋਂ ਮਸਾਲ ਜਗਣ ਵਾਂਗੂੰ ਗੁਰੂ ਅੰਗਦ ਜੀ ਨੂੰ ਪ੍ਰਤੱਖ ਗੁਰੂ ਨਾਨਕ ਜੀ ਦਾ ਰੂਪ ਦੇਖ ਕੇ ਬਹੁਤ ਪ੍ਰਸੰਨ ਹੋਯਾ। ਚਰਨਾਂ ਉੱਤੇ ਸੀਸ ਧਰਿਆ ਤਾਂ ਗੁਰੂ ਜੀ ਨੇ ਉਠਾ ਕੇ ਭਾਈ ਬਾਲੇ ਨੂੰ ਗਲ ਨਾਲ ਲਾ ਲਿਆ ਅਤੇ ਬੋਲੇ:

ਮਃ ੨ ॥

ਜਿਸੁ ਪਿਆਰੇ ਸਿਉ ਨੇਹੁ ਤਿਸੁ ਆਗੈ ਮਰਿ ਚਲੀਐ ॥

ਧ੍ਰਿਗੁ ਜੀਵਣੁ ਸੰਸਾਰਿ ਤਾ ਕੈ ਪਾਛੈ ਜੀਵਣਾ ॥੨॥

(ਵਾਰ-ਸਿਰੀਰਾਗੁ, ਮਃ ੨ - ੮੩)

ਇਹ ਪਰਮ ਪਰੇਮ ਦਾ ਬਚਨ ਸੁਣ ਕੇ ਭਾਈ ਬਾਲੇ ਨੇ ਨੇਤ੍ਰ ਭਰ ਕਰ ਆਖਯਾ, "ਤੁਸੀਂ ਧੰਨ ਹੋ, ਜਿਨ੍ਹਾਂ ਨੇ ਗੁਰੂ ਨਾਨਕ ਜੀ ਨੂੰ ਪ੍ਰਮੇਸ਼੍ਵਰ ਸਮਝ ਕੇ ਸੇਵਿਆ ਮੈਂ ਤਾਂ ਕੇਵਲ ਸਾਧੂ ਹੀ ਜਾਣਦਾ ਰਹਿਆ।"

## (ਪਾਃ ੨ – ੬)

## ਗੁਰੂ ਜੀ ਦਾ ਨਿੱਤ ਆਚਰਣ

ਸਵਾ ਪਹਿਰ ਰਾਤ ਰਹੀ ਤੋਂ ਉੱਠ ਕੇ ਸੌਚ ਦਾਤਣ ਇਸ਼ਨਾਨ ਠੰਢੇ ਜਲ ਬਾਰਾਂ ਮਹੀਨੇ ਰੋਜ਼ ਕਰ ਕੇ, ਏਕਾਂਤ ਬੈਠ ਅੰਤ੍ਰਮੁਖ ਬ੍ਰਿਤੀ ਆਤਮਾਂ ਦੇ ਧਿਆਨ ਵਿੱਚ ਜੋੜ ਕੇ ਸੱਤ ਘੜੀ ਬ੍ਰਹਮਾਨੰਦ ਦਾ ਰਸ ਲੈਂਦੇ ਤੇ ਫੇਰ ਦੋ ਘੜੀ ਦੇ ਤੜਕੇ (ਅੰਮ੍ਰਿਤ ਵੇਲੇ) ਦਿਵਾਨ ਵਿੱਚ; ਜਿੱਥੇ ਪੰਜ ਘੜੀ ਦੇ ਤੜਕੇ ਤੋਂ ਰਾਗੀ ਰਬਾਬੀ ਆਸਾ ਦੀ ਵਾਰ ਪੜ੍ਹਦੇ, ਓਥੇ ਸਿੰਘਾਸਨ ਯਾ ਮੰਜੀ ਉੱਤੇ ਆ ਬੈਠਦੇ। ਦਿਨ ਚੜ੍ਹੇ ਵਾਰ ਦਾ ਭੋਗ ਪਏ ਪਿੱਛੋਂ ਆਪ ਕੋਈ ਨਾ ਕੋਈ ਸ਼ਬਦ ਉਚਾਰਨ ਕਰ ਕੇ ਸਤਗੁਰਾਂ ਵੱਲੋਂ ਉਪਦੇਸ਼ ਕਰਦੇ ਅਤੇ ਜੋ ਨਵੀਨ ਸਿੱਖ ਹੋਣ ਵਾਸਤੇ ਆਏ ਹੁੰਦੇ ਓਨ੍ਹਾਂ ਨੂੰ ਪਗ ਪਾਹੁਲ ਦੇ ਕੇ ਗੁਰਮੰਤ੍ਰ ਦਾ ਉਪਦੇਸ਼ ਕਰਦੇ। ਫੇਰ ਕੜਾਹ ਪ੍ਰਸ਼ਾਦ ਵਰਤਣ ਦੇ ਬਾਦ ਗੁਰੂ ਸਾਹਿਬ ਇੱਕ ਦੋ ਘੜੀ ਕੁਛ ਸਿੱਖਾਂ ਨੂੰ ਨਾਲ ਲੈ ਕੇ ਬਾਹਰ ਚਲੇ ਜਾਂਦੇ ਤੇ ਲੰਗਰ ਤਿਆਰ ਹੁੰਦੇ ਤੱਕ ਆ ਜਾਂਦੇ। ਫੇਰ ਪੰਗਤ ਲਗਾ ਕੇ ਸਭ ਨੂੰ ਸਭ ਚੀਜ ਇਕੋ ਜੇਹੀ ਵਰਤਾਈ ਜਾਂਦੀ। ਫੇਰ ਦੋ ਚਾਰ ਘੜੀਆਂ ਅਰਾਮ ਕਰਦੇ। ਦਿਨ ਢਲੇ ਸੁਚੇਤ ਹੋ ਦੀਵਾਨ ਵਿੱਚ ਬੈਠ ਕੇ ਕਥਾ ਸੁਣਾਉਂਦੇ ਯਾ ਗੁਰੂ ਨਾਨਕ ਦੇਵ ਜੀ ਦੇ ਜੀਵਨ ਚਰਿਤ੍ਰਾਂ ਦਾ ਪ੍ਰਸੰਗ ਸੁਣਦੇ, ਅਤੇ ਰਾਗੀਆਂ ਰਬਾਬੀਆਂ ਦੇ ਸ਼ਬਦ ਹੁੰਦੇ ਰਹਿੰਦੇ। ਰਹਿਰਾਸ ਦੀ ਅਰਦਾਸ ਤੋਂ ਪਿੱਛੋਂ ਗੁਰੂ ਜੀ ਨੇ ਦੋ ਘੜੀ ਏਕਾਂਤ ਜਾ ਬੈਠਣਾ ਤੇ ਸਰਬ ਪ੍ਰਕਾਰ ਦੇ ਕਾਰ ਬਾਰ ਦੇ ਝਗੜੇ ਨਿਬੇੜਨੇ ਤੇ ਵਿਹਾਰ ਦੀ ਸਿੱਧੀ ਵਾਸਤੇ ਤਜਵੀਜ਼ ਕਰਨੀ। ਏਤਨੇ ਨੂੰ ਫੇਰ ਲੰਗਰ ਤਿਆਰ ਹੋ ਜਾਣਾ ਤਾਂ ਪ੍ਰਸ਼ਾਦ ਸਭ ਨੂੰ ਸਮ ਬਰਤਾ ਕੇ ਫੇਰ ਗੁਰੂ ਨਾਨਕ ਜੀ ਦੇ ਜੀਵਨ ਚਰਿਤ੍ਰ ਤੇ ਸੁਜੱਸ ਸੁਣਨੇ। ਫੇਰ ਬਿਰਾਜ ਕੇ ਨਿੰਦ੍ਰਾ ਦਾ ਆਨੰਦ ਲੈਣਾ। ਏਹ ਆਚਰਣ ਤਾਂ ਸਾਰੇ ਹੀ ਗੁਰੂਆਂ ਦਾ ਰਿਹਾ ਤੇ ਏਸ ਤੋਂ ਵਿਲੱਖਣ ਜੋ ਕੰਮ ਕਿਸੇ ਗੁਰੂ ਸਾਹਿਬ ਨੇ ਕੀਤਾ ਹੈ ਓਹ ਓਨ੍ਹਾਂ ਦੇ ਪ੍ਰਸੰਗਾਂ ਵਿੱਚ ਲਿਖਿਆ ਜਾਵੇਗਾ।

ਗੁਰੂ ਅੰਗਦ ਜੀ ਦੀ ਇੱਕ ਏਹ ਗੱਲ ਬਰਾਬਰ ਰਹੀ ਕਿ ਜਦੋਂ ਦੋ ਘੜੀ ਦੇ ਤੜਕੇ ਸਮਾਧੀ ਤੋਂ ਉਥਾਨ ਹੋ ਕੇ ਸਭਾ ਵੰਨੀਂ ਆਉਣ, ਤਾਂ ਓਸ ਸਮੇਂ ਪਹਿਲੇ ਹੀ ਜਿਸ ਬੀਮਾਰ ਉੱਤੇ ਦ੍ਰਿਸ਼ਟੀ ਪੈ ਜਾਂਦੀ, ਓਹ ਨਿਰੋਗ ਹੋ ਜਾਂਦਾ। ਪੜਦਾ ਰੱਖਣ ਵਾਸਤੇ ਕੁਛ ਕੁਛ ਜੜ੍ਹੀ ਬੂਟੀ ਭੀ ਦੱਸ ਛੱਡਦੇ। ਲੰਗਰ ਬਰਤੇ ਤੋਂ ਫੇਰ ਤਪਿਆਣੇ ਤਲਾਉ ਪਰ ਕੋਠੇ ਵਿੱਚ ਰੋੜਾਂ ਦੇ ਬਿਸਤਰੇ ਪਰ ਜਾ ਬੈਠਦੇ। ਕਦੇ ਕਦੇ ਛੋਟੇ ਛੋਟੇ ਲੜਕਿਆਂ ਨਾਲ ਗੱਲਾਂ ਕਰਨੀਆਂ ਤੇ ਆਖਣਾ, "ਏਹ ਸ੍ਵਰਗ ਦੇ ਭਾਗੀ ਹਨ।"

ਰਾਤ ਨੂੰ ਪਿਛਲੇ ਪਹਿਰ ਭਾਈ ਬਾਲੇ ਤੋਂ {ਜਨਮ ਸਾਖੀ ਲਿਖਵਾਈ} ਗੁਰੂ ਨਾਨਕ ਜੀ ਦੀਆਂ ਕਥਾਂ ਸੁਣਨੀਆਂ ਤੇ ਓਨ੍ਹਾਂ ਪ੍ਰਸੰਗਾਂ ਦੇ ਅਨੁਸਾਰ ਕਦੇ ਹੱਸ ਪੈਣਾ, ਕਦੇ ਰੋ ਪੈਣਾ ਤੇ ਕਦੇ ਸਮਾਧੀ ਵਿੱਚ ਮਗਨ ਹੋ ਜਾਣਾ। ਗੁਰਮੁਖੀ ਅੱਖਰ ਜੋ ਏਨ੍ਹਾਂ ਨੇ ਸੰਮਤ ੧੫੯੮ ਨੂੰ ਬਣਾਏ ਸੇ ਓਨ੍ਹਾਂ ਬਾਬੇ ਜੀ ਦੇ ਸ਼ਬਦ (ਜੋ ਪ੍ਰੇਮੀ ਲੋਕਾਂ ਨੇ ਨਾਗਰੀ, ਫਾਰਸੀ, ਤੋਰਕੀ, ਟਾਕਰੇ ਅੱਖਰਾਂ ਵਿੱਚੋਂ ਲਿਖੇ ਹੋਏ ਸੇ) ਲਿਖਵਾਉਂਦੇ ਰਹਿੰਦੇ ਤੇ ਭਾਈ ਬਾਲੇ ਦੀ ਸੁਣਾਈ ਹੋਈ ਕਥਾ (ਜਿਸਦਾ ਨਾਮ ਹੁਣ ਜਨਮ ਸਾਖੀ ਹੈ) ਭਾਈ ਪੈੜੇ ਮੋਖੇ {ਪੈੜਾ ਮੋਖਾ} ਖੱਤ੍ਰੀ ਤੋਂ (ਜੋ ਸਾਰੇ ਇਲਮ ਜਾਣਦਾ ਸੀ) ਲਿਖਵਾਈ ਤੇ ਸੰਮਤ ੧੬੦੨ ਬਿਕ੍ਰਮੀ ਨੂੰ ਜਿਲਦ ਕਰਾਈ।

ਤਖ਼ਤਮੱਲ ਚੌਧਰੀ ਖੰਡੂਰ ਦਾ ਖਹਿਰਾ ਜੱਟ ਗੁਰੂ ਘਰ ਦੀ ਸੇਵਾ ਬਹੁਤ ਕਰੇ। ਜਿਤਨੇ ਬਦੇਸ਼ੀ ਗੁਰੂ ਸਾਹਿਬ ਪਾਸ ਆਂਵਦੇ ਸਭ ਦੀ ਹਰ ਪ੍ਰਕਾਰ ਦੀ ਖਾਤਰ ਓਹੋ ਹੀ ਕਰਦਾ ਹੁੰਦਾ ਸੀ। ਭੈਸਾਂ ਗਊਆਂ ਦਾ ਦੁੱਧ ਭੀ ਓਹ ਬਹੁਤ ਪੁਚਾਂਵਦਾ ਸੀ, ਜਿਸ ਦੀ ਰੀਸੋ ਰੀਸ ਹੋਰ ਜੱਟ ਬਹੁਤ ਭੀ ਦੁੱਧ ਦੇ ਜਾਇਆ ਕਰਨ। ਏਸੇ ਕਰ ਕੇ ਗੁਰੂ ਜੀ ਦੇ ਲੰਗਰ ਵਿੱਚ ਹਰ ਰੋਜ਼ ਖੀਰ ਦਾ ਬਣਨਾ ਤੇ ਵੰਡਣਾ ਲਿਖਿਆ ਹੈ। ਯਥਾ:

ਲੰਗਰਿ ਦਉਲਤਿ ਵੰਡੀਐ ਰਸੁ ਅੰਮ੍ਰਿਤੁ ਖੀਰਿ ਘਿਆਲੀ ॥

(ਰਾਮਕਲੀ ਵਾਰ-੩, ਬਲਵੰਡਿ ਤੇ ਸਤਾ – ੯੬੭)

ਏਸੇ ਸਮੇਂ ਹਿਮਾਯੂੰ ਬਾਦਸ਼ਾਹ ਤੇ ਸ਼ੇਰ ਸ਼ਾਹ ਜੌਨਪੁਰ ਵਾਲੇ ਸੂਬੇ ਦੀ ਆਪਸ ਵਿੱਚ ਵਿਗੜ ਗਈ ਤੇ ਫੱਗਨ ਸੰਮਤ ੧੫੯੭ ਬਿਕ੍ਰਮੀ ਨੂੰ ਜੰਗ ਵਿੱਚ ਹਾਰ ਖਾ ਕੇ ਹਿਮਾਯੂੰ* ਲਾਹੌਰ ਨੂੰ ਆਯਾ। ਏਥੇ ਉਸ ਦਾ ਚਚੇਰਾ ਭਾਈ ਮਿਰਜ਼ਾ ਜ਼ਾਫਰ ਬੇਗ ਸੂਬਾ ਸੀ, ਪਰ 'ਡਾਢੇ ਅੱਖੀਂ ਫੇਰੀਆਂ ਵੈਰੀ ਜੱਗ ਜਹਾਨ' ਓਹ ਭੀ ਸ਼ੇਰਸ਼ਾਹ ਦਾ ਹਾਮੀ ਬਣ ਬੈਠਾ। ਜਦ ਹਿਮਾਯੂੰ ਨੇ ਵੈਰੋਵਾਲ ਦਾ ਪੱਤਣ ਬਜਾਸਾ ਲੰਘ ਕੇ ਮਾਲੂਮ ਕੀਤਾ ਕਿ ਜ਼ਾਫਰ ਤਾਂ ਕਾਫਰ ਹੋ ਗਿਆ ਹੈ, ਤਾਂ ਆਪਣੇ ਮਾਮੇ ਮਿਰਜ਼ੇ ਕਾਸਮ ਨੂੰ ਪੁਛਿਆ, "ਕੋਈ ਪੀਰ ਫ਼ਕੀਰ ਯਾ ਅਮੀਰ ਏਸ ਦੇਸ ਵਿੱਚ ਸਹਾਰਾ ਦੇਣ ਜੋਗਾ ਹੈ?" ਉਸ ਨੇ ਆਖ੍ਯਾ ਕਿ ਤੁਹਾਨੂੰ ਯਾਦ ਹੋਵੇਗਾ ਕਿ ਨਾਨਕ ਸ਼ਾਹ ਵਲੀ ਅੱਲਾ ਫ਼ਕੀਰ ਨੇ ਤੁਹਾਡੇ ਵੱਡੇ ਬਾਬਰ ਸ਼ਾਹ ਨੂੰ ਕਾਬਲ ਵਿੱਚ ਹਿੰਦ ਫਤੇ ਕਰਨ ਦਾ ਵਰ ਦਿੱਤਾ ਸੀ ਤੇ ਫੇਰ ਅਵਾਣ ਪਿੰਡ ਰਾਵੀ ਕਿਨਾਰੇ ਸੱਤ ਮੁਠੀਆਂ ਭੰਗ ਦੀਆਂ ਲੈ ਕੇ ਬਚਨ ਕੀਤਾ ਸੀ ਕਿ ਤੇਰੀ ਉਲਾਦ ਸੱਤ ਪੁਸ਼ਤ ਰਾਜ ਕਰੇਗੀ। ਸੋ ਹੁਣ ਉਨ੍ਹਾਂ ਦੇ ਗੱਦੀ ਨਸ਼ੀਨ ਗੁਰੂ ਜੀ ਨੂੰ ਮਿਲਣਾ ਤੇ ਪੁੱਛਣਾ ਚਾਹੀਏ ਕਿ ਏਹ ਵਰ ਝੂਠਾ ਕਯੋਂ ਹੋਯਾ? ਜੇਕਰ ਓਹ ਕੁਛ ਸਹਾਰਾ ਕਰਨ ਤਾਂ ਕਰ ਸਕਦੇ ਹਨ, ਹੋਰ ਕੋਈ ਏਥੇ ਸਾਨੂੰ ਰੱਖਣ ਵਾਲਾ ਨਹੀਂ। 'ਗਰਜ਼ ਮੰਦ ਦਿਵਾਨਾ' ਜਦ ਆਦਮੀ ਨੂੰ ਵਖਤ ਪੈਂਦਾ ਹੈ ਤਾਂ ਪੀਰ ਫ਼ਕੀਰਾਂ ਅੱਗੇ ਨੱਕ ਰਗੜਦਾ ਹੈ। ਲੋਗਾਂ ਤੋਂ ਪੁੱਛ ਕੇ {ਹਮਾਯੂੰ ਖਡੂਰ

---

*ਅਕਬਰ ਸ਼ਾਹ ਸੰਮਤ ੧੫੯੯ ਬਿਕ੍ਰਮੀ ਮੁਤਾਬਕ ੧੫੪੨ ਈਸਵੀ ਨੂੰ ਹਿਮਾਯੂੰ ਬਾਦਸ਼ਾਹ ਦੇ ਘਰ ਪੈਦਾ ਹੋਯਾ ਤੇ ੧੩ ਬਰਸ ਦੀ ਉਮਰ ਵਿੱਚ ਕਸਬਾ ਕਲਾਨੌਰ ਤਖ਼ਤ ਪਰ ਬੈਹਾ। ਹਿਮਾਯੂੰ ਦਾ ਮੁਹਤਬਿਰ ਸ੍ਰਦਾਰ ਬੈਰਾਮ ਖਾਂ ਉਰਫ ਖਾਨ ਖਾਨਾ ਬੰਦੋਬਸਤ ਬਾਦਸ਼ਾਹੀ ਦਾ ਕਰਦਾ ਰਿਹਾ। ਅਕਬਰ ਨੇ ਸੰਮਤ ੧੬੧੯ ਵਿੱਚ ਜਦ ਆਪ ਕੰਮ ਸੰਭਾਲਿਆ ਤਾਂ ਬੈਰਾਮ ਉਦਾਸ ਹੋ ਕੇ ਮੱਕੇ ਨੂੰ ਤੁਰ ਪਿਆ। ਪਰ ਗੁਜਰਾਤ ਵਿੱਚ ਇੱਕ ਦੁਸ਼ਮਨ ਦੇ ਹੱਥੋਂ ਮਾਰਿਆ ਗਿਆ। ਅਕਬਰ ਨੇ ਜ਼ਾਹਰਦਾਰੀ ਮਜ਼੍ਹਬ ਦਾ ਪੱਖ ਪਾਦ ਛੱਡ ਕੇ ਚੰਗੀ ਨੇਕੀ ਖੱਟੀ, ਜੌਨਪੁਰ ਅਜਮੇਰ ਗਵਾਲੀਯਰ ਤਾਂ ਬੈਰਾਮ ਫਤੇ ਕਰ ਹੀ ਗਿਆ ਸੀ। ਪਰ ਦੱਖਣ ਮਾਲਵੇ ਦੇ ਹਾਕਮ ਬਾਜ਼ ਬਹਾਦਰ ਨੂੰ ਜਿਸ ਦੀ ਇਸਤ੍ਰੀ ਪਦਮਨੀ ਸ੍ਰੀ ਅਕਬਰ ਨੇ ਆਦਮ ਫ਼ੌਜਦਾਰ ਨੂੰ ਭੇਜ ਕੇ ਫਤੇ ਕੀਤਾ। ਓਹ ਇਸਤ੍ਰੀ ਅਕਬਰ ਨੇ ਕਰਨੀ ਚਾਹੀ ਤਾਂ ਜ਼ਹਿਰ ਖਾ ਕੇ ਮਰ ਗਈ। ਉਸ ਦੀ ਸ਼ਕਲ ਦੇਖ ਕੇ ਅਕਬਰ ਨੇ ਸਮਝਿਆ ਹਿੰਦੂ ਰਾਜਿਆਂ ਦੀਆਂ ਲੜਕੀਆਂ ਐਸੀਆਂ ਹੀ ਸੁੰਦਰ ਹੋਣਗੀਆਂ। ਏਸ ਕਰ ਕੇ ਪਹਿਲੇ ਜੈਪੁਰ ਦੇ ਰਾਜੇ ਦੀ ਬੇਟੀ ਨਾਲ ਹਿੰਦੂਆਂ ਵਾਂਗੂੰ ਅਗਨੀ ਦੇ ਗਿਰਦੇ ਫੇਰੇ ਲਏ ਤੇ ਸਭ ਰੀਤ ਹਿੰਦੂਆਂ ਵਾਲੀ ਕੀਤੀ ਤੇ ਫੇਰ ਆਪਣਾ ਸ਼ਾਹਜ਼ਾਦਾ ਸੁਲੇਮ ਭੀ ਓਸੇ ਤਰ੍ਹਾਂ ਉਨ੍ਹਾਂ ਦੇ ਘਰ ਵਿਆਹਿਆ। ਏਸੇ ਕਰ ਕੇ ਰਾਜੇ ਦਾ ਬੇਟਾ ਭਗਵਾਨ ਦਾਸ ਤੇ ਪੁਸ਼ਪ ਪੁੱਤ੍ਰ ਮਾਨ ਸਿੰਘ ਹਮੇਸ਼ ਅਕਬਰ ਦੇ ਤਾਬੇਦਾਰ ਬਨੇ ਰਹੇ। ਫੇਰ ਜੋਧਪੁਰ ਵਾਲੇ ਮਾਲਦੇਵ ਰਾਜਾ ਦੀ ਬੇਟੀ ਵਜਾਹੀ। ਉਦੇ ਪੁਰ ਵਾਲੇ ਉਦੇ ਸਿੰਘ ਨੇ ਬੇਟੀ ਨਾਂ ਦਿੱਤੀ। ਅਕਬਰ ਨੇ ਓਸ ਦੇ ਕਿਲ੍ਹੇ ਚਤੌੜ ਨੂੰ ਜਾ ਘੇਰਿਆ। ਰਾਜਾ ਤਾਂ ਪਰੇ ਚਲਾ ਗਿਆ ਪਰ ਜੈਮਲ ਤੇ ਫੱਤਾ ਦੋਵੇਂ ਲੜਦੇ ਰਹੇ। ਜੈਮਲ ਦੇ ਮਰਨੇ ਬਾਦ ਰਾਜਪੂਤਾਂ ਨੇ ਜੋਹਰ ਕੀਤਾ ਅਰਥਾਤ ਆਪਣੀਆਂ ਇਸਤ੍ਰੀਆਂ ਬੇਟੀਆਂ ਨੂੰ ਮਾਰ ਕੇਸਰੀ ਬਾਣੇ ਧਾਰ ਬੇਸੁਮਾਰ ਸ਼ੱਤਰੂਆਂ ਨੂੰ ਤਲਵਾਰ ਦੇ ਘਾਟ ਉਤਾਰ ਸੰਸਾਰ ਤੋਂ ਪਾਰ ਉੱਤਰ ਗਏ। ਟਾਡ ਸਾਹਿਬ ਲਿਖਦਾ ਹੈ ਕਿ\ ਉੱਤੇ ੭੪॥ ਦਾ ਅੰਗ ਲਿਖ੍ਯਾ ਜਾਂਦਾ ਉੱਪਰ ਤੋੱਲੇ ਗਏ ਸਨ, ਏਸੇ ਵਾਸਤੇ ਚਿੱਠੀਆਂ ਮੁਰਦਿਆਂ ਦੇ ਜਨੇਊ ੭੪ ਮਣ ਤੋਂ ਹੈ, ਓਦੋਂ ਓਥੇ ਤੇਰਾਂ ਤੋਲੇ ਦਾ ਸੇਰ ਤੇ ਚਾਰ ਸੇਰ ਦਾ ਮਣ ਸੀ।

ਸੰਨ ੧੬੨੭ ਤੱਕ ਅਕਬਰ ਨੇ ਗੁਜਰਾਤ ਬੰਗਾਲਾ ਸਭ ਆਪਣੇ ਕਬਜ਼ੇ ਕਰ ਲੀਤਾ। ਸੰਨ ੧੬੪੭ ਵਿੱਚ ਸਿੰਧ ਤੇ ਕਸ਼ਮੀਰ ਅਫ਼ਗਾਨਾਂ ਤੋਂ ਛੁਡਾਏ। ਪਰ ਏਹ ਜੰਗ ਮਾਨ ਸਿੰਘ ਨੇ ਜਿੱਤੇ। ਏਸੇ ਸਾਲ ਸਿੰਧ ਕਿਨਾਰੇ ਬੀਰਬਲ ਮਾਰਿਆ ਗਿਆ। ਦੱਖਣ ਵਿੱਚ ਅਹਿਮਦ ਨਗਰ ਬੀਜਾਪੁਰ ਗੋਲ ਕੰਡਾ ਏਹ ਤਿੰਨ ਬਾਦਸ਼ਾਹ ਸੁਤੰਤਰ ਸੇ। ਅਕਬਰ ਨੇ ਆਪ ਨੇ ਬੇਟੇ ਮਿਰਜਾ ਮੁਰਾਦ ਤੇ ਬੈਰਾਮ ਖਾਂ ਦੇ ਬੇਟੇ ਰਹੀਮ ਖਾਂ ਸ਼ਾਇਰ ਨੂੰ ਤੇ ਖਾਨਖਾਨਾ ਨੂੰ ਅਹਮਦ ਨਗਰ ਪਰ ਚੜ੍ਹਾਯਾ। ਏਥੋਂ ਦੀ ਬਾਦਸ਼ਾਹ ਜ਼ਾਦੀ ਚਾਂਦ ਬੀਬੀ ਯਾਨੇ ਚਾਂਦ ਸੁਲਤਾਨ ਨੇ ਆਪ ਤਲਵਾਰ ਪਕੜਕੇ ਅਕਬਰ ਦੀ ਫੌਜ ਦੇ ਕਈ ਵਾਰੀ ਦੰਦ ਖੱਟੇ ਕੀਤੇ। ਓੜਕ ਅਕਬਰ ਨੇ ਓਸ ਦੇ ਵਜੀਰ ਅਕਰਮ ਖਾਂ ਨੂੰ ਫਾੜ ਕੇ ਫਤੇ ਪਾਈ। ਸੰਮਤ ੧੬੫੨ ਬਿਕ੍ਰਮੀ ਵਿੱਚ ਅਕਬਰ ਦਾ ਵੱਡਾ ਬੇਟਾ ਸਲੇਮ ਜੋ ਤੀਸ ਬਰਸ ਦਾ ਸੀ ਤੇ ਬੜੇ ਬੜੇ ਜੰਗ ਜਿੱਤ ਕੇ ਹੁਸ਼ਿਆਰ ਹੋ ਰਿਹਾ ਸੀ ਕਈ ਸੂਬੇ ਆਪ ਨੇ ਨਾਲ ਮਿਲਾ ਕੇ ਆਪ ਨੇ ਬਾਪ ਅਕਬਰ ਨਾਲ ਵਿਗੜ ਬੈਠਾ ਤੇ ਅਕਬਰ ਦੇ ਵਜੀਰ ਅਬੁੱਲ ਫਜ਼ਲ ਦਾ ਸਿਰ ਉਰਛਾ ਵਾਲੇ ਨਰਸਿੰਘ ਦੇਵ ਰਾਜਾ ਦੇ ਹੱਥੋਂ ਕਟਵਾ ਮੰਗਾਯਾ। ਏਸ ਦੇ ਫ਼ਿਕਰ ਵਿੱਚ ਅਕਬਰ ਨੇ ਤਿੰਨ ਦਿਨ ਤੱਕ ਖਾਣਾ ਨਾ ਖਾਧਾ। ਅਕਬਰ ਦੇ ਤਿੰਨ ਬੇਟੇ ਸੀ। ਸਲੇਮ ੧ ਮੁਰਾਦ ੨ ਦਾਨੀਯਲ ੩। ਦਾਨੀਯਲ ਤੇ ਮੁਰਾਦ ਦੋਵੇਂ ਬਹੁਤ ਸ਼ਰਾਬ ਪੀਂਦੇ ਸਨ, ਤੇ ਓੜਕ ਸ਼ਰਾਬ ਨਾਲ ਹੀ ਸੁਕ ਕੇ ਮਰ ਗਏ। ਪਿਆਰੇ ਪੁੱਤ੍ਰਾਂ ਦੇ ਤੇ ਵਜੀਰ ਦੇ ਗ਼ਮ ਨਾਲ ਮਰਣ ਲੱਗੇ ਅਕਬਰ ਨੇ ਸਭ ਅਮੀਰਾਂ ਨੂੰ ਆਗਰੇ ਵਿੱਚ ਬੁਲਾ ਕੇ ਆਖਿਆ ਮੇਰੀ ਭੁੱਲ ਚੁੱਕ ਮਾਫ ਕਰਨੀ। ਸਭ ਹਿੰਦੂ ਮਸੁਲਮਾਨ ਓਸ ਦੇ ਸੁਭਾਵ ਨੂੰ ਯਾਦ ਕਰ ਕਰ ਰੋਣ ਲੱਗੇ ਤਾਂ ਸੁਲੇਮ ਬਾਪ ਦੇ ਪੈਰ ਚੁੰਮ ਕੇ ਢਾਹੀ ਮਾਰ ੨ ਰੋਣ ਲਗਾ। ਅਕਬਰ ਨੇ ਓਸ ਨੂੰ ਭੀ ਛਾਤੀ ਨਾਲ ਲਾਯਾ ਤੇ ਓਸ ਦੇ ਗਲ ਵਿੱਚ ਤਲਵਾਰ ਪਹਿਨਾਈ। ਸੰਮਤ ੧੬੬੩ ਬਿਕ੍ਰਮੀ ਵਿੱਚ ਅਕਬਰ ਏਸ ਜਹਾਨ ਤੋਂ ਪਾਰ ਬੋਲਿਆ। ਅਕਬਰ ਨੇ ਆਗਰੇ ਤੇ ਪਰਾਗ ਦੇ ਕਿਲ੍ਹੇ ਬਨਾਏ। ਗਊ ਹੱਤਿਆ ਬੰਦ ਕਰ ਰੱਖੀ। ਬਹੁਤ ਥੋੜ੍ਹਾ ਸਵਿਆਂ ਕਰਦਾ ਸੀ। ਹਿੰਦੂ ਮੁਸਲਮਾਨਾਂ ਦੇ ਤਿਉਹਾਰ ਇੱਕੋ ਜੇਹੇ ਮੰਨਦਾ। ਪੰਦ੍ਹਾਂ ਬੀਸ ਕੋਸ ਤੱਕ ਪੈਰੀਂ ਚੱਲ ਸਕਦਾ। ਦੋ ਦੋ ਦਿਨ ਤੱਕ ਡਾਕ ਵਿੱਚ ਬੈਠਾ ਰਹਿੰਦਾ ਤੇ ਇੱਕ ਵਾਰੀ ਇੱਕੋ ਦਮ ਸਾਂਢਣੀ ਪਰ ਸਵਾਰ ਹੋ ਕੇ ੨੨੫ ਮੀਲ ਤੱਕ ਚਲਾ ਗਿਆ। ਏਸ ਨੇ ਬਹੁਤ ਕਾਇਦੇ ਪ੍ਰਜਾ ਦੇ ਫਾਇਦੇ ਵਾਸਤੇ ਨਵੇਂ ਬਨਾਏ। ਏਸ ਦੇ ੧੮ ਸੂਬੇ ਸਨ। ਸਾਲ ਗਿਰਹ ਦੇ ਦਿਨ ਬਡਾ ਦਰਬਾਰ ਪੁੰਨਜ ਦਾਨ ਕਰਦਾ। ਤਖ਼ਤ ਦੇ ਨਾਲ ਖੜਾ ਹੋ ਕੇ ਯਾ ਹੇਠਾਂ ਬੈਠ ਕੇ ਇਨਸਾਫ਼ ਕਰਦਾ। ਦੌਲਤ ਏਸ ਦੇ ਪਾਸ ਸੱਤਾਂ ਬਾਦਸ਼ਾਹਾਂ ਜਿਤਨੀ ਸੀ।

ਆਇਆ} ਗੁਰੂ ਅੰਗਦ ਜੀ ਪਾਸ ਜਾਂ ਖੰਡੂਰ ਆਯਾ ਤਾਂ ਗੁਰੂ ਜੀ ਦੀ ਸਮਾਧੀ ਲੱਗੀ ਹੋਈ ਸੀ। ਹਿਮਾਯੂੰ ਨੂੰ ਆਉ ਬੈਠ ਦੀ ਆਗਤ ਭਾਗਤ ਕੁਛ ਪ੍ਰਾਪਤ ਨਾ ਹੋਈ। ਜਾਂ ਕਿਤਨੀ ਦੇਰ ਖੜਾ ਰਿਹਾ ਤਾਂ ਕ੍ਰੋਧਵਾਨ ਹੋ ਕੇ ਤਲਵਾਰ ਮਾਰਨੀ ਚਾਹੀ। ਪਰ ਜਾਂ ਮਯਾਨੋਂ ਖੰਡਾ ਖਿਚਣਾ ਚਾਹਿਆ ਤਾਂ ਹੱਥ ਓਥੇ ਹੀ ਰਿਹਾ। ਤਦ ਨੂੰ ਗੁਰੂ ਜੀ ਦੀ ਸਮਾਧ ਖੁਲ੍ਹੀ ਤਾਂ ਆਖ੍ਯਾ, “ਜਿੱਥੇ ਖੰਡਾ ਵਾਹੁਣ ਦੀ ਥਾਂ ਸੀ ਓਥੋਂ ਤਾਂ ਕਾਇਰ ਬਣ ਕੇ ਨੱਠ ਆਯੋਂ ਤੇ ਪੀਰਾਂ ਫ਼ਕੀਰਾਂ ਉੱਤੇ ਤਲਵਾਰ ਖਿੱਚਦਾ ਹੈਂ?” ਏਹ ਸੁਣ ਕੇ ਬਾਦਸ਼ਾਹ ਸ਼ਰਮਿੰਦਾ ਹੋਯਾ ਤੇ ਚਰਨੀਂ ਡਿੱਗ ਕੇ ਆਖ੍ਯਾ, “ਬਖ਼ਸ਼ੋ! ਤੇ ਫਜ਼ਲ ਕਰੋ!” ਗੁਰੂ ਜੀ ਬੋਲੇ, “ਖੰਡਾ ਖਿੱਚਣ ਦੀ ਨੀਤ ਨਾ ਕਰਦੋਂ ਤਾਂ ਹੁਣੇ ਬਾਦਸ਼ਾਹੀ ਮਿਲ ਜਾਂਦੀ, ਪਰ ਹੁਣ ਬਾਰਾਂ ਤੇਰਾਂ ਬਰਸਾਂ ਤੋਂ ਬਾਦ ਫੇਰ ਤੂੰ ਦਿੱਲੀ ਦਾ ਬਾਦਸ਼ਾਹ ਬਣੇਂਗਾ ਤੇ ਸੱਤ ਪੀਹੜੀਆਂ ਰਾਜ ਹੋਵੇਗਾ। ਗੁਰੂ ਨਾਨਕ ਜੀ ਮਹਾਰਾਜ ਦਾ ਬਚਨ ਕਦੇ ਅਨਥਾ ਨਹੀਂ ਹੋਵੇਗਾ।” ਹਿਮਾਯੂੰ ਏਹ ਸੁਣ ਖ਼ੁਸ਼ੀ ਤੇ ਦਿਲਗੀਰੀ ਲੈ ਕੇ ਸਿੰਧ ਦੇ ਰਾਹ ਪਿਆ।

## (ਪਾਃ ੨ - ੭)

## ਸ੍ਰੀ ਗੁਰੂ ਅਮਰਦਾਸ ਜੀ ਦਾ ਮਿਲਾਪ

ਜਦ ਸ੍ਰੀ ਗੁਰੂ ਨਾਨਕ ਜੀ ਸੰਮਤ ੧੫੯੬ ਬਿਕ੍ਰਮੀ ਨੂੰ ਗੁਰੂ ਅੰਗਦ ਜੀ ਨੂੰ ਮਿਲਣ ਵਾਸਤੇ ਖੰਡੂਰ ਗਏ ਸਨ, ਓਦੋਂ ਇੱਕ ਦਿਨ ਦੋਵੇਂ ਗੁਰੂ ਤੇ ਮਾਈ ਭਿਰਾਈ ਤਪਜਾਣੇ ਤਲਾਉ ਕਿਨਾਰੇ ਬੈਠੇ ਗਿਆਨ ਗੋਸ਼ਟ ਕਰ ਰਹੇ ਸੇ। ਤਾਂ ਸ੍ਰੀ ਗੁਰੂ {ਬਾਬਾ ਅਮਰਦਾਸ ਜੀ ਦਾ ਗੁਰੂ ਨਾਨਕ ਜੀ ਅਤੇ ਗੁਰੂ ਅੰਗਦ ਜੀ ਨਾਲ ਪਹਿਲਾ ਮਿਲਾਪ} ਅਮਰਦਾਸ ਜੀ ਆਪਣੇ ਪਿੰਡ ਬਾਸਰਕੇ ਨੂੰ ਜਾਂਦੇ ਹੋਏ ਸੁਤੇ ਸਿੱਧ ਏਨ੍ਹਾਂ ਪਾਸ ਆ ਖੜੋਤੇ। ਓਸ ਵਕਤ ਏਨ੍ਹਾਂ ਪਾਸ ਤਿਲ, ਬੈਗੜ ਦੇ ਚਾਉਲ ਭਿੱਜੇ ਹੋਏ ਤੇ ਸ਼ੱਕਰ ਮਿਲੀ ਹੋਈ ਤਿੰਨੇ ਚੀਜਾਂ ਸਨ। ਓਹ ਤ੍ਰਿਚਾਵਲੀ ਪ੍ਰੇਮ ਸਹਿਤ ਗੁਰੂਆਂ ਦੇ ਅੱਗੇ ਰੱਖੀ। ਓਹੋ ਚਾਵਲ ਸਭ ਨੇ ਚੱਬੇ ਤਾਂ ਗੁਰੂ ਨਾਨਕ ਜੀ ਬੋਲੇ, "ਅੰਗਦਾ! ਏਸ ਖੜ੍ਹੋਟੇ ਸਾਨੂੰ ਤਿਲ, ਚਾਉਲ ਤੇ ਸ਼ੱਕਰ ਚਬਾਕੇ ਕਰਜ਼ਾਈ ਕਰ ਲੀਤਾ ਹੈ, ਏਹ ਬਹੁਤ ਕੁਛ ਲਏਗਾ।"

ਗੁਰੂ ਅਮਰਦਾਸ ਜੀ ਨੇ ਅਨਜਾਣ ਪੁਣੇ ਵਿੱਚ ਏਸ ਬਚਨ ਦਾ ਕੁੱਝ ਖਯਾਲ ਨਾ ਕੀਤਾ ਤੇ ਆਪਣੇ ਘਰ ਨੂੰ ਤੁਰ ਗਏ। ਪਰ ਜਦ ਇਹ ਗੁਰੂ ਹੋ ਕੇ ਗੋਇੰਦਵਾਲ ਰਹਿਣ ਲੱਗੇ ਤਾਂ ਏਨ੍ਹਾਂ ਤਿਹਾਂ ਚੀਜ਼ਾਂ ਨੂੰ ਉੱਤਮ ਸਮਝ ਕੇ ਖੰਡੂਰ ਦੇਹਰੇ ਗੁਰੂ ਅੰਗਦ ਜੀ ਪਰ ਚੜ੍ਹਾਉਂਦੇ ਰਹੇ। ਤਾਂ ਹੀ ਹੁਣ ਤੱਕ ਭੱਲੇ ਸਾਹਬਜ਼ਾਦੇ ਸਭ ਦਿਨ ਦਿਹਾਰ ਨੂੰ ਤਿਲ ਚਾਵਲ ਤੇ ਸ਼ੱਕਰ ਮਿਲਾ ਕੇ ਗੁਰੂ ਅੰਗਦ ਜੀ ਦੇ ਦੇਹਰੇ ਖੰਡੂਰ ਤੇ ਤਪਜਾਣੇ ਚੜ੍ਹਾਉਂਦੇ ਹਨ।

ਇਕ ਮਾਣਾ {ਮਾਣਾ - ਛਕਾਊ ਸਿੱਖ} ਨਾਮ ਅਰੋੜਾ ਸਿੱਖ ਗੁਰੂ ਅੰਗਦ ਜੀ ਦੇ ਲੰਗਰ ਵਿੱਚੋਂ ਨਿੱਤ ਕੜਾਹ ਪ੍ਰਸ਼ਾਦ ਖੀਰ ਛਕ ਛਕ ਕੇ ਬਹੁਤ ਮੋਟਾ ਹੋ ਰਿਹਾ ਸੀ। ਸਭਨਾਂ ਸੇਵਕਾਂ ਨਾਲ ਲੜਦਾ ਰਹੇ। ਜ਼ੋਰਾਵਰ ਹੋਣ ਕਰ ਕੇ ਜੇਹੜਾ ਬੋਲੇ, ਉਸੇ ਨੂੰ ਕੁੱਟ ਕੱਢੇ। ਕਈ ਵਾਰੀ ਸਿੱਖਾਂ ਨੇ ਗੁਰੂ ਜੀ ਅੱਗੇ ਓਸ ਦੀ ਫਰਿਯਾਦ ਕੀਤੀ, ਪਰ ਗੁਰੂ ਜੀ ਦਯਾਲੂ ਰੂਪ ਨੇ ਕੁਛ ਨਾ ਕਿਹਾ। ਏਸੇ ਲਈ ਜਦ ਕਦੀ ਕੋਈ ਸਿੱਖ ਏਸ ਨੂੰ ਕੰਮ ਵਾਸਤੇ ਆਖੇ ਤਾਂ ਟਕੇ ਵਰਗਾ ਜਵਾਬ ਦੇ ਦੇਵੇ। ਆਖੇ "ਤੁਹਾਡੇ ਕਹੇ ਮੈਂ ਨਹੀਂ ਲਗਦਾ, ਗੁਰਾਂ ਦਾ ਬਚਨ ਮੰਨਾਂਗਾ।" ਏਸੇ ਤਰ੍ਹਾਂ ਬਹੁਤ ਖਰੂਦ ਰੱਖੇ। ਤਾਂ ਗੁਰੂ ਜੀ ਨੇ ਆਖਿਆ, "ਸਿੱਖਾਂ ਦੀ ਸੇਵਾ ਕਰਿਆ ਕਰ।" ਓਹ ਬੋਲਿਆ ਮੈਂ ਏਨ੍ਹਾਂ ਦਾ ਗੋੱਲਾ ਨਹੀਂ, ਕੇਵਲ ਤੁਹਾਡਾ ਕੰਮ ਕਰਾਂਗਾ ਅਤੇ ਸੁਵਰਗ ਲਵਾਂਗਾ। ਤਾਂ ਗੁਰੂ ਜੀ ਨੇ ਸਹਜ ਸੁਭਾਇ ਬਚਨ ਕੀਤਾ, "ਜੇ ਸਵਰਗ ਲੈਣਾ ਹਈ ਤਾਂ ਬਣ ਵਿੱਚ ਚਿਤਾ ਰਚ ਕੇ ਸੜ ਮਰ।" ਓਹ ਤੁਰਤ ਚਲਿਆ ਗਿਆ ਤੇ ਚਿਤਾ ਰਚ ਕੇ ਜਾਂ ਸੜਨ ਲਗਾ ਤਾਂ ਅੱਗ ਵਿੱਚ ਪੈਣ ਨੂੰ ਜੀ ਨਾ ਕਰੇ। ਤੇ ਚੁਫੇਰੇ ਚੁਫੇਰੇ ਪਿਆ ਫਿਰੇ। ਤਦੋਂ ਨੂੰ ਇੱਕ ਚੋਰ ਆ ਗਿਆ। ਓਸ ਨੇ ਬੜੇ ਬੜੇ ਪਾਪ ਤੇ ਖ਼ੂਨ ਕੀਤੇ ਸੇ। ਚੋਰ, ਯਾਰ, ਜੁਆਰੀਏ, ਹਠੀ ਤਾਂ ਬੜੇ ਭਾਰੇ ਹੁੰਦੇ ਹਨ। ਓਸ ਮਾਣੇ ਤੋਂ ਹਾਲ ਪੁੱਛਿਆ ਤਾਂ ਓਨ ਸਾਰਾ ਬ੍ਰਿਤਾਂਤ ਸੁਣਾਯਾ। ਤਦ ਚੋਰ ਨੇ ਆਖਿਆ, "ਗੁਰੂ ਜੀ ਦਾ ਬਚਨ ਵੇਚ ਲੈ ਤੇ ਏਹ ਗਹਿਣੇ ਜੋ ਮੈਂ ਸੋਨੇ ਦੇ ਲਿਆਯਾ ਹਾਂ ਤੂੰ ਲੈ ਲੈ ਤੇ ਬਚਨ ਮੈਨੂੰ ਦੇ ਦੇਹ।" ਮਾਣਾ ਤਾਂ ਗਹਿਣੇ ਲੈਂਦਾ ਹੀ ਆਪਣੇ ਨਗਰ ਨੂੰ ਦੌੜ ਆਯਾ ਤੇ ਓਧਰ ਚੋਰ ਨੇ ਬਚਨ ਖਰੀਦ ਕੇ ਅੱਗ ਵਿੱਚ ਛਾਲ ਮਾਰ ਦਿੱਤੀ। ਏਤਨੇ ਨੂੰ ਰਾਜਾ (ਜੋ ਓਸ ਦੇ ਪਿੱਛੇ ਸੀ) ਓਥੇ ਪੁੱਜ ਪਿਆ ਤੇ ਚੋਰ ਨੂੰ ਅੱਗ ਵਿੱਚੋਂ ਕਢਵਾ ਕੇ ਘਰ ਲੈ ਗਿਆ। ਜਾਂ ਰਾਜੇ ਨੇ ਸਾਰੀ ਕਥਾ ਓਸ ਦੇ ਛਾਲ ਮਾਰਨ ਦੀ ਸੁਣੀ ਤਾਂ ਓਸ ਨੂੰ ਪੁੱਤ੍ਰ ਬਣਾ ਕੇ ਆਪਣੇ ਰਾਜ ਦਾ ਮਾਲਕ ਬਣਾ ਲਿਆ। ਓਧਰ ਭਾਈ ਮਾਣਾ ਜਦ ਗਹਿਣੇ ਵੇਚਣ ਗਿਆ ਤਾਂ ਫੜਿਆ ਗਿਆ ਤੇ ਬੰਦੀ ਖਾਨੇ ਨਰਕ ਵਿੱਚ ਬਹੁਤ ਬਰਸ ਰਹਿ ਕੇ ਫੇਰ ਮਰ ਕੇ ਭੀ ਨਰਕੀ ਜਾ ਪਿਆ। ਓਹ ਰਾਜਾ ਤੇ ਚੋਰ ਗੁਰੂ ਜੀ ਦੇ ਸੇਵਕ ਬਣੇ। ਏਥੇ ਭੀ ਸੁਖ ਭੋਗਦੇ ਰਹੇ ਤੇ ਮਰ ਕੇ ਅੰਤ ਨੂੰ ਗੁਰੂ ਜੀ ਦੇ ਹੁਕਮ ਅਨੁਸਾਰ ਬੈਕੁੰਠ ਗਾਮੀ ਹੋਏ।

ਇੱਕ ਮਲੂਕਾ {ਮਦਪਾਨੀ ਮਲੂਕਾ ਚੌਧਰੀ} ਨਾਮ ਚੌਧਰੀ ਖਹਿਰਾ ਜੱਟ ਖੰਡੂਰ ਦਾ ਕੰਨ ਫਟੇ ਜੋਗੀ ਦਾ ਸੇਵਕ ਸੀ। ਸ਼ਰਾਬ ਮਾਸ ਖਾ ਕੇ ਬਹੁਤ ਬਕਵਾਸ ਕੀਤਾ ਕਰੇ ਤੇ ਸਿੱਖਾਂ ਨੂੰ ਮਸਖਰੀ ਠੱਠਾ ਕਰਦਾ

ਰਹੇ। ਗੁਰੂ ਜੀ ਦੇ ਲੰਗਰ ਵਿੱਚ ਆਏ ਹੋਏ ਸਿੱਖ ਸਾਧ ਨੂੰ ਬਹੁਤ ਦੁਖ ਦਿਆ ਕਰੇ। ਪਿੰਡ ਵਿੱਚ ਨਾ ਰਹਿਨ ਦੇਵੇ। ਸੰਗਤ ਆਵੇ ਤਾਂ ਚੋਰ ਧਾੜਵੀ ਪਵਾ ਦੇਵੇ। ਓੜਕ ਓਸ ਨੂੰ ਮ੍ਰਿਗੀ ਦੀ ਬੀਮਾਰੀ ਹੋ ਗਈ। ਦੋ ਦੋ ਪਹਰ ਤੜਫਦਾ ਰਹੇ। ਜੋਗੀ ਬਥੇਰੇ ਉਪਾਇ ਕਰ ਰਿਹਾ ਰਾਜ਼ੀ ਨਾ ਹੋਯਾ। ਤਾਂ ਓਸ ਦੇ ਸਨਬੰਧੀ ਗੁਰੂ ਜੀ ਪਾਸ ਲੈ ਆਏ। ਬਚਨ ਹੋਯਾ ਸ਼ਰਾਬ ਛੱਡ ਦੇਹ ਤਾਂ ਮ੍ਰਿਗੀ ਹਟ ਜਾਊ। ਸੋਈ ਹੋਯਾ, ਗੁਰੂ ਕੇ ਬਚਨ ਨਾਲ ਮ੍ਰਿਗੀ ਹਟ ਗਈ। ਪਰ ਦੋ ਬਰਸ ਮਗਰੋਂ ਜਦ ਓਨ ਗੁਰੂ ਜੀ ਦਾ ਬਚਨ ਪਲਟ ਕੇ ਫੇਰ ਸ਼ਰਾਬ ਪੀਤੀ ਤਾਂ ਕੋਠੇ ਉੱਤੇ ਚੜ੍ਹ ਕੇ ਫੇਰ ਬਕਬਾਦ ਕਰਨ ਲੱਗਾ ਤੇ ਉੱਚੀ ਦਿੱਤੀ ਆਖਯਾ ਕਿ ਲੈ ਅੰਗਦਾ! ਮੈਂ ਅੱਜ ਤੇਰੇ ਬਚਨ ਛੱਡ ਦਿੱਤੇ। ਨਾਥ ਜੀ ਨੇ ਫੇਰ ਪਿਆਲਾ ਪਿਆ ਲਿਆ ਹੈ। ਗੁਰੂ ਜੀ ਨੇ ਆਖਿਆ, "ਤੈਂ ਬਚਨ ਪਲਟੇ ਹਨ। ਵੇਖ ਹੁਣੇ ਮਿਰਗੀ ਆਉਂਦੀ ਹੈ।" ਏਹ ਕਹਿ ਕੇ ਗੁਰੂ ਜੀ ਚੁੱਪ ਕਰ ਰਹੇ। ਓਹ ਸਗੋਂ ਕੁਵਾਕ ਬੋਲਣ ਲੱਗਾ। ਤਾਂ ਉਸੇ ਵੇਲੇ ਐਸੀ ਮਿਰਗੀ ਉੱਠੀ ਕਿ ਅਟਾਰੀ ਉਤੋਂ ਬਾਹਰ ਦੜ ਕਰਦਾ ਧਰਤੀ ਤੇ ਆ ਡਿੱਗਿਆ। ਗਰਦਨ ਹੱਡੀਆਂ ਖੂਬ ਟੁੱਟੀਆਂ ਤੇ ਦੋ ਮਹੀਨੇ ਨਰਕ ਭੋਗ ਕੇ ਜਮ ਦੇ ਲੋਕ ਨੂੰ ਪਧਾਰਿਆ।

ਕੰਨ ਪਾਟੇ ਜੋਗੀਆਂ {ਨਾਥਾਂ ਨਾਲ ਮਿਲਾਪ} ਦੀ ਮੰਡਲੀ ਖਡੂਰ ਤੋਂ ਬਾਹਰ ਤਪਿਆਣੇ ਤਲਾਉ ਪਰ ਆ ਉੱਤਰੀ। ਸਾਧ ਆਖਣ ਲੱਗੇ, "ਗੁਰੂ ਨਾਨਕ ਜੀ ਨੇ ਭਗਤੀ ਜੋਗ ਮਾਰਗ ਦਾ ਉਪਦੇਸ਼ ਕੀਤਾ ਹੈ, ਪਰ ਅਭਯਾਸ ਜੋਗ ਜੈਸਾ ਹੋਰ ਆਨੰਦ ਨਹੀਂ। ਏਸ ਕਰ ਕੇ ਇੱਕ ਤਾਂ ਰਿੱਧੀਆਂ ਸਿਧੀਆਂ ਪ੍ਰਾਪਤ ਹੁੰਦੀਆਂ ਹਨ, ਦੂਸਰੇ ਸ੍ਵੈਇੱਛਤ ਮ੍ਰਿਤੂ ਲੋਕਾਂਤ੍ਰਾਂ ਵਿੱਚ ਗਵਨ ਸ਼ਕਤੀ ਹੋ ਜਾਂਦੀ ਹੈ ਤੇ ਅੰਤ ਨੂੰ ਬ੍ਰਹਮ ਲੋਕਾਂ ਦੀ ਪ੍ਰਾਪਤੀ ਹੁੰਦੀ ਹੈ। ਰਿਖੀ, ਮੁਨੀ, ਜਪੀ, ਤਪੀ ਸਭ ਅਸ਼ਟਾਂਗ ਜੋਗ ਕਰਦੇ ਰਹੇ ਹਨ, ਤੁਸੀਂ ਕਿਉਂ ਖ਼ਾਲੀ ਖ਼ਾਲੀ ਰਹਿੰਦੇ ਹੋ। ਜੋਗ ਸਿੱਖੋ, ਪਯਾਲਾ ਪੀਓ। ਗੋਰਖ ਦਾ ਬਾਣਾ ਧਾਰੋ, ਸਿੱਖਾਂ ਨੂੰ ਤਾਰੋ। ਤਾਂ ਗੁਰੂ ਜੀ ਬੋਲੇ:

ਸਲੋਕੁ ਮਃ ੨ ॥
ਦੀਖਿਆ ਆਖਿ ਬੁਝਾਇਆ ਸਿਫਤੀ ਸਚਿ ਸਮੇਉ ॥
ਤਿਨ ਕਉ ਕਿਆ ਉਪਦੇਸੀਐ ਜਿਨ ਗੁਰੁ ਨਾਨਕ ਦੇਉ ॥੧॥

(ਵਾਰ-ਮਾਝ, ਮਃ ੨ - ੧੫੦)

"ਨਾਥ ਜੀ! ਸਮੇਂ ਅਨੁਸਾਰ ਮਤ ਪ੍ਰਚਾਰ ਕਰਨਾ ਸੰਸਾਰ ਨੂੰ ਅਪਾਰ ਸੁਖ ਦਿੰਦਾ ਹੈ। ਕਲਯੁਗ ਵਿੱਚ ਭਗਤੀ ਜੋਗ ਗਯਾਨ ਜੋਗ ਕਲਯਾਣਕਾਰੀ ਹਨ। ਕਰਮ ਜੋਗ, ਹਠ ਜੋਗ ਦੋਵੇਂ ਨਹੀਂ ਹੁੰਦੇ। ਕਰਨ ਵਾਲੇ ਰੋਗੀ ਹੋ ਕੇ ਮਰ ਜਾਂਦੇ ਹਨ। ਜੈਸਾ ਕਿ ਗੁਰੂ ਸਾਹਿਬ ਜੀ ਦਾ ਵਾਕ ਹੈ:

ਧਨਾਸਰੀ ਮਹਲਾ ੧ ਘਰੁ ੩
ੴ ਸਤਿਗੁਰ ਪ੍ਰਸਾਦਿ ॥
ਕਾਲੁ ਨਾਹੀ ਜੋਗੁ ਨਾਹੀ ਨਾਹੀ ਸਤ ਕਾ ਢਬੁ ॥
ਥਾਨਸਟ ਜਗ ਭਰਿਸਟ ਹੋਏ ਡੂਬਤਾ ਇਵ ਜਗੁ ॥੧॥
ਕਲ ਮਹਿ ਰਾਮ ਨਾਮੁ ਸਾਰੁ ॥
ਅਖੀ ਤ ਮੀਟਹਿ ਨਾਕ ਪਕੜਹਿ ਠਗਣ ਕਉ ਸੰਸਾਰੁ ॥੧॥ ਰਹਾਉ ॥
ਆਂਟ ਸੇਤੀ ਨਾਕੁ ਪਕੜਹਿ ਸੂਝਤੇ ਤਿਨਿ ਲੋਅ ॥
ਮਗਰ ਪਾਛੈ ਕਛੁ ਨ ਸੂਝੈ ਏਹੁ ਪਦਮੁ ਅਲੋਅ ॥੨॥
ਖਤ੍ਰੀਆ ਤ ਧਰਮੁ ਛੋਡਿਆ ਮਲੇਛ ਭਾਖਿਆ ਗਹੀ ॥
ਸ੍ਰਿਸਟਿ ਸਭ ਇਕ ਵਰਨ ਹੋਈ ਧਰਮ ਕੀ ਗਤਿ ਰਹੀ ॥੩॥
ਅਸਟ ਸਾਜ ਸਾਜਿ ਪੁਰਾਣ ਸੋਧਹਿ ਕਰਹਿ ਬੇਦ ਅਭਿਆਸੁ ॥
ਬਿਨੁ ਨਾਮ ਹਰਿ ਕੇ ਮੁਕਤਿ ਨਾਹੀ ਕਹੈ ਨਾਨਕੁ ਦਾਸੁ ॥੪॥੧॥੬॥੮॥

(ਧਨਾਸਰੀ, ਮਃ ੧ - ੬੬੨/੬੩)

ਨਾਥ ਜੀ!

ਭੇਖ ਵਰਨ ਦੀਸਹਿ ਸਭਿ ਖੇਹ ॥

(ਆਸਾ, ਮਃ ੧ - ੩੫੨)

ਕੱਚੇ ਗੁਰੂ ਭੇਖ ਬਣਵਾਉਂਦੇ ਹਨ। ਤੇ ਜਿਨ੍ਹਾਂ ਨੂੰ ਪੂਰਾ ਸਤਿਗੁਰੂ ਮਿਲਿਆ ਹੈ ਉਨ੍ਹਾਂ ਨੂੰ ਸਹਿਜੇ ਹੀ ਮੁਕਤੀ ਹੈ। ਯਥਾ:

ਮਃ ੫ ॥
ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੈ ਜੁਗਤਿ ॥
ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ ॥੨॥

(ਗੂਜਰੀ ਵਾਰ-੨, ਮਃ ੫ - ੫੨੨)
(ਇਹ ਸ਼ਬਦ ਗੁਰੂ ਅਰਜਨ ਦੇਵ ਜੀ ਦਾ ਹੈ)

ਨਾਥ ਜੀ! ਸਾਡੇ ਗੁਰੂ ਜੀ ਨੇ ਬਿਨਾਂ ਭੇਖ ਵਰਨ ਤੋਂ ਹੀ ਆਪਣੇ ਸਿੱਖਾਂ ਨੂੰ ਐਸੀ ਸਿੱਧੀ ਸੜਕ ਦੱਸੀ ਹੈ ਕਿ ਜਿਸ ਪਰ ਚੱਲਦੇ ਹੋਏ ਅੰਜਨ ਰੂਪ ਜਗਤ ਦੇ ਵਿੱਚ ਹੀ ਨਿਰੰਜਨ ਨੂੰ ਪਾ ਲਈਦਾ ਹੈ, ਜੈਸਾ ਕਿ ਮਹਾਰਾਜ ਜੀ ਦਾ ਵਾਕ ਹੈ:

ਸੂਹੀ ਮਹਲਾ ੧ ਘਰੁ ੭
ੴ ਸਤਿਗੁਰ ਪ੍ਰਸਾਦਿ ॥
ਜੋਗੁ ਨ ਖਿੰਥਾ ਜੋਗੁ ਨ ਡੰਡੈ ਜੋਗੁ ਨ ਭਸਮ ਚੜਾਈਐ ॥
ਜੋਗੁ ਨ ਮੁੰਦੀ ਮੂੰਡਿ ਮੁਡਾਇਐ ਜੋਗੁ ਨ ਸਿੰਙੀ ਵਾਈਐ ॥
ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਇਵ ਪਾਈਐ ॥੧॥
ਗਲੀ ਜੋਗੁ ਨ ਹੋਈ ॥
ਏਕ ਦ੍ਰਿਸਟਿ ਕਰਿ ਸਮਸਰਿ ਜਾਣੈ ਜੋਗੀ ਕਹੀਐ ਸੋਈ ॥੧॥ ਰਹਾਉ ॥
ਜੋਗੁ ਨ ਬਾਹਰਿ ਮੜੀ ਮਸਾਣੀ ਜੋਗੁ ਨ ਤਾੜੀ ਲਾਈਐ ॥
ਜੋਗੁ ਨ ਦੇਸਿ ਦਿਸੰਤਰਿ ਭਵਿਐ ਜੋਗੁ ਨ ਤੀਰਥਿ ਨਾਈਐ ॥
ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਇਵ ਪਾਈਐ ॥੨॥
ਸਤਿਗੁਰੁ ਭੇਟੈ ਤਾ ਸਹਸਾ ਤੂਟੈ ਧਾਵਤੁ ਵਰਜਿ ਰਹਾਈਐ ॥
ਨਿਝਰੁ ਝਰੈ ਸਹਜ ਧੁਨਿ ਲਾਗੈ ਘਰ ਹੀ ਪਰਚਾ ਪਾਈਐ ॥
ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਇਵ ਪਾਈਐ ॥੩॥
ਨਾਨਕ ਜੀਵਤਿਆ ਮਰਿ ਰਹੀਐ ਐਸਾ ਜੋਗੁ ਕਮਾਈਐ ॥
ਵਾਜੇ ਬਾਝਹੁ ਸਿੰਙੀ ਵਾਜੈ ਤਉ ਨਿਰਭਉ ਪਦੁ ਪਾਈਐ ॥
ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਤਉ ਪਾਈਐ ॥੪॥੧॥੮॥

(ਸੂਹੀ, ਮਃ ੧ - ੭੩੦)

ਏਹ ਸ਼ਬਦ ਸੁਣ ਕੇ ਨਾਥ ਜੀ ਬੜੇ ਖ਼ੁਸ਼ ਹੋਏ ਤੇ ਆਖਯਾ, "ਅੰਗਦ ਜੀ! ਕੁਛ ਮੰਗੋ ਜੋ ਤੁਹਾਨੂੰ ਦੇਈਏ।" ਤਾਂ ਗੁਰੂ ਜੀ ਨੇ ਆਖਯਾ ਮਨ ਦੀ ਗ਼ਰੀਬੀ, ਬੁੱਧੀ ਦੀ ਸੂਛਤਾ, ਚਿਤ ਦੀ ਏਕਾਗ੍ਰਤਾ, ਹੰਕਾਰ ਦੀ ਨਵਿਰਤੀ ਦਿਓ। ਏਹ ਸੁਣ ਕੇ ਨਾਥ ਨੇ ਧਯਾਨ ਲਗਾਯਾ ਤੇ ਫੇਰ ਅੱਖਾਂ ਖੋਲ੍ਹ ਕੇ ਆਖਿਆ, "ਏਹ ਚਾਰੇ ਗੁਰੂ ਨਾਨਕ ਜੀ ਨੇ ਸਾਰੀ ਦੁਨੀਆਂ ਤੋਂ ਸਮੇਟ ਕੇ ਤੁਹਾਡੇ ਵਿੱਚ ਭਰ ਦਿੱਤੀਆਂ ਹੋਈਆਂ ਹਨ। ਹੋਰ ਕਿਤੇ ਹੈ ਨਹੀਂ। ਏਸ ਵਾਸਤੇ ਕੁਛ ਹੋਰ ਮੰਗ ਲਓ।" ਤਾਂ ਗੁਰੂ ਜੀ ਨੇ ਆਖਯਾ:

ਕਿਆ ਮਾਗਉ ਕਿਛੁ ਥਿਰੁ ਨ ਰਹਾਈ ॥
ਦੇਖਤ ਨੈਨ ਚਲਿਓ ਜਗੁ ਜਾਈ ॥੧॥ ਰਹਾਉ ॥

(ਆਸਾ, ਭਗਤ ਕਬੀਰ ਜੀ - ੪੮੧)
(ਇਹ ਕਬੀਰ ਜੀ ਦਾ ਸ਼ਬਦ ਹੈ)

ਓੜਕ ਸਿੱਧ ਆਦੇਸ ਆਦੇਸ ਕਰ ਕੇ ਜਾਂਦੇ ਰਹੇ।

ਏਸੇ ਸਾਲ ਇੱਕ ਹਰਿ ਨਾਥ ਨਾਮ ਸੰਤ ਨੇ ਦੀਵਾਨ ਵਿੱਚ ਆ ਕੇ ਮਨ ਸ਼ਾਂਤਿ ਹੋਣ ਦਾ ਉਪਾਇ ਤੇ ਬਰਣਾਸ਼੍ਰਮਾਂ ਦੇ ਧਰਮ ਗੁਰੂ ਜੀ ਪਾਸੋਂ ਪੁੱਛੇ ਤਾਂ ਗੁਰੂ ਜੀ ਨੇ ਏਹ ਸਲੋਕ ਉਚਾਰਿਆ:

ਮਃ ੨ ॥
ਜੋਗ ਸਬਦੰ ਗਿਆਨ ਸਬਦੰ ਬੇਦ ਸਬਦੰ ਬ੍ਰਾਹਮਣਹ ॥
ਖਤ੍ਰੀ ਸਬਦੰ ਸੂਰ ਸਬਦੰ ਸੂਦ੍ਰ ਸਬਦੰ ਪਰਾ ਕ੍ਰਿਤਹ ॥
ਸਰਬ ਸਬਦੰ ਏਕ ਸਬਦੰ ਜੇ ਕੋ ਜਾਣੈ ਭੇਉ ॥
ਨਾਨਕੁ ਤਾ ਕਾ ਦਾਸੁ ਹੈ ਸੋਈ ਨਿਰੰਜਨ ਦੇਉ ॥੩॥

(ਵਾਰ-ਆਸਾ, ਮਃ ੨ - ੪੬੯)

ਏਹ ਬ੍ਰਨਾਸ਼੍ਰਮਾਂ ਦੇ ਧਰਮ ਦਿਖਾ ਕੇ ਮਨ ਦੇ ਸ਼ਾਂਤਿ ਹੋਣ ਦਾ ਉਪਾਇ ਦੱਸਦੇ ਭਏ:

ਮਃ ੨ ॥
ਏਕ ਕ੍ਰਿਸਨੰ ਸਰਬ ਦੇਵਾ ਦੇਵ ਦੇਵਾ ਤ ਆਤਮਾ ॥
ਆਤਮਾ ਬਾਸੁਦੇਵਸ੍ਿ ਜੇ ਕੋ ਜਾਣੈ ਭੇਉ ॥
ਨਾਨਕੁ ਤਾ ਕਾ ਦਾਸੁ ਹੈ ਸੋਈ ਨਿਰੰਜਨ ਦੇਉ ॥੪॥

(ਵਾਰ-ਆਸਾ, ਮਃ ੨ - ੪੬੯)

ਏਹ ਉੱਤ੍ਰ ਸੁਣ ਕੇ ਓਹ ਪਰਮ ਪ੍ਰਸੰਨ ਹੋ ਗਿਆ। ਏਸੇ ਪ੍ਰਕਾਰ ਜੱਸ ਸੁਣ ਸੁਣ ਸਰਬ ਭੇਖਾਂ ਪੰਥਾਂ ਦੇ ਸੰਤ ਲੱਗੇ ਆਵਣ। ਭੋਜਨ, ਛਾਦਨ, ਸਤਸੰਗ ਬਾਂਛਤ ਸਭ ਨੂੰ ਲਭ ਜਾਏ। ਏਸ ਕਰ ਕੇ ਗੁਰੂ ਅੰਗਦ ਜੀ ਦਾ ਸੁਜੱਸ ਦੇਸ ਦੇਸ਼ਾਂਤ੍ਰਾਂ ਵਿੱਚ ਬਹੁਤ ਸ਼ੀਘ੍ਰ ਫੈਲ ਗਿਆ ਕਿਉਂਕਿ ਸਾਧੂਆਂ ਜੈਸਾ ਧਰਮ ਦਾ ਹਲਕਾਰਾ ਹੋਰ ਕੋਈ ਨਹੀਂ। ਜੋ ਕੁਛ ਸੰਗਤਾਂ ਲਜਾਉਣ ਸਭ ਲੰਗਰ ਵਿੱਚ ਪੈ ਕੇ ਬਰਤ ਜਾਵੇ, ਧਰਮਸਾਲਾ ਭੀ ਚੰਗੀ ਬਣ ਗਈ। ਦਾਤੂ ਦਾਸੂ ਜੀ ਹੱਟੀ ਵਿੱਚੋਂ ਜੋ ਕੁਛ ਪੈਦਾ ਹੋਵੇ ਓਸ ਵਿੱਚ ਗੁਜ਼ਾਰਾ ਕਰਨ। ਜੇ ਕਦੇ ਕੁਛ ਚਾਹੁਣ ਤਾਂ ਗੁਰੂ ਜੀ ਆਖਣ, "ਏਹ ਪੂਜਾ ਦਾ ਧਾਨ {ਪੂਜਾ ਦਾ ਧਨ ਕੱਚਾ ਪਾਰਾ} ਗ੍ਰਿਸਤੀ ਨੂੰ ਕੱਚਾ ਪਾਰਾ ਹੈ।" ਏਹ ਸੁਣ ਕੇ ਓਹ ਚੁੱਪ ਕਰ ਜਾਣ। ਜੋ ਭੁੱਖਾ, ਪਿਆਸਾ, ਬਿਹੰਗਮ, ਸਾਧੂ, ਸਿੱਖ, ਲੰਗੜਾ, ਲੂਲਾ, ਅੰਧਾ, ਰੋਗੀ, ਬ੍ਰਿਧ ਏਨ੍ਹਾਂ ਪਾਸ ਆਵੇ ਓਸ ਦੀ ਸੇਵਾ ਵਿਸ਼ੇਸ਼ ਕਰਾਉਣ। ਅੰਨ, ਬਸਤ੍ਰ, ਕਥਾ ਕੀਰਤਨ ਤੇ ਨਾਮ ਦਾ ਭੰਡਾਰਾ ਹਰ ਵੇਲੇ ਖੁੱਲ੍ਹਾ ਹੀ ਰਹੇ। ਕੋਈ ਕਦੇ ਨਿਰਾਸਾ ਨਾ ਜਾਵੇ।

ਸੰਮਤ ੧੬੦ ਬਿਕ੍ਰਮੀ ਨੂੰ ਮਾਲਵੇ {ਮਾਲਵੇ ਦਾ ਦੌਰਾ} ਮਾਝੇ ਦੇਸ ਦੇ ਸਿੱਖਾਂ ਦੀ ਬੇਨਤੀ ਮੰਨ ਕੇ ਗੁਰੂ ਅੰਗਦ ਜੀ ਸੇਵਕਾਂ ਨੂੰ ਦਰਸ਼ਨ ਦੇਣ ਚੜ੍ਹੇ। ਦੋ ਚੌਕੀਆਂ ਰਬਾਬੀਆਂ ਦੀਆਂ ਪੰਜਾਹ ਕੁ ਸਿੱਖ ਸਾਧ, ਚਾਰ ਊਂਟ ਭਾਰ ਵਾਸਤੇ ਲੈ ਕੇ, ਅਨੇਕ ਨਗਰਾਂ ਵਿੱਚ ਉੱਤਰਦੇ ਹੋਏ ਹਰੀ ਕੇ ਪੱਤਣ ਸਤਲੁਜ ਪਾਰ ਹੋ, ਅਨੰਤ ਪੁਰਸ਼ਾਂ ਦਾ ਉਧਾਰ ਕਰ ਕੇ ਮੱਤੇ ਦੀ ਸਰਾਇ ਆਪਣੀ ਜਨਮ ਭੂਮੀ ਜਾ ਦੇਖੀ। (ਏਥੇ ਹੁਣ ਥੇਹ ਉੱਪਰ ਦੀਵਾਨ ਮੋਹਕਮ ਚੰਦ ਦਾ ਬਣਾਯਾ ਹੋਯਾ ਛੋਟਾ ਜੇਹਾ ਮੰਦਰ ਹੈ ਤੇ ਪਾਸ ਹੀ 'ਨਾਂਗੇ ਦੀ ਸਰਾਇ' ਨਾਮੀ ਪਿੰਡ ਵੱਸ ਪਿਆ ਹੈ।) ਓਥੋਂ ਹੋ ਹਰੀਕੇ ਪਿੰਡ ਜਾ ਉੱਤਰੇ। ਸਭ ਲੋਗ ਦਰਸ਼ਨ ਕਰਨ ਆਏ। ਅੰਨ ਬਸਤ੍ਰ ਬਹੁਤ ਚੜ੍ਹਿਆ। ਕਈ ਦਿਨ ਪਿੰਡ ਦੇ ਨਿਵਾਸੀਆਂ ਨੇ ਗੁਰੂ ਜੀ ਨੂੰ ਆਪਣੇ ਪਾਸ ਰੱਖ ਕੇ ਉਪਦੇਸ਼ ਲਿਆ। ਕਥਾ ਕੀਰਤਨ ਬਚਨ ਬਿਲਾਸ ਸੁਣ ਕੇ ਨਿਹਾਲ ਹੋਏ। (ਜਿਥੇ ਹੁਣ ਭਾਈ ਮੋਹਰ ਸਿੰਘ ਦਾ ਡੇਰਾ ਹਰੀ ਕੇ ਪਿੰਡ ਵਿੱਚ ਹੈ ਓਥੇ ਭਾਈ ਰਣ ਸਿੰਘ ਜੀ ਸਿੱਧ ਰਿਹਾ ਕਰਦੇ ਸੇ।) ਓਥੇ ਗੁਰੂ ਜੀ ੧੭ ਦਿਨ ਠਹਿਰੇ। ਓਥੋਂ ਦਾ {ਜਾਤ ਅਭਿਮਾਨੀ ਬਖਤਾਵਰ ਚੌਧਰੀ} ਚੌਧਰੀ ਬਖਤਾਵਰ ਜੋ ਬਹੱਤ੍ਰ ਪਿੰਡਾਂ ਦੇ ਟਕੇ (ਮਾਮਲਾ) ਦਿੱਲੀ ਭਰਿਆ ਕਰਦਾ ਸੀ, ਓਹ ਦਰਸ਼ਨ ਕਰਨ ਆਯਾ। ਪਰ ਬਡਾ ਹੰਕਾਰੀ ਤੇ ਪਰਵਾਰ ਵਾਲਾ ਹੋਣ ਕਰ ਗੁਰੂ ਜੀ ਦੇ ਸਿਰਹਾਣੇ ਵੱਲ ਬੈਠ ਗਿਆ ਤੇ ਨਮਸਕਾਰ ਭੀ ਨਾ ਕੀਤੀ। ਏਹ ਦੇਖ ਕੇ ਕੁਛ ਕੁ ਸਿੱਖ ਕ੍ਰੋਧਿਤ ਹੋਏ। ਪਰ ਗੁਰੂ ਜੀ ਨੇ ਆਖਯਾ:

ਜਿਸ ਨੋ ਸਾਹਿਬੁ ਵਡਾ ਕਰੇ ਸੋਈ ਵਡ ਜਾਣੀ ॥

ਜਿਸੁ ਸਾਹਿਬ ਭਾਵੈ ਤਿਸੁ ਬਖਸਿ ਲਏ ਸੋ ਸਾਹਿਬ ਮਨਿ ਭਾਣੀ ॥
ਜੇ ਕੋ ਓਸ ਦੀ ਰੀਸ ਕਰੇ ਸੋ ਮੂੜ ਅਜਾਣੀ ॥

(ਗਉੜੀ ਵਾਰ-੧, ਮਃ ੪ - ੩੦੨)
(ਇਹ ਗੁਰੂ ਰਾਮਦਾਸ ਜੀ ਦੀ ਬਾਣੀ ਹੈ)

ਚੌਧਰੀ ਬੋਲਿਆ ਮੈਂ ਕੋਈ ਛੋਟਾ ਆਦਮੀ ਹਾਂ। ਮੇਰੀ ਜਾਤਿ ਦੇ ਬਹੁਤ ਜ਼ੋਰ ਵਾਲੇ ਕਈ ਪਿੰਡ ਹਨ। ਤਾਂ ਗੁਰੂ ਜੀ ਨੇ ਏਹ ਸ਼ਲੋਕ ਉਚਾਰਿਆ:

ਅਗੈ ਜਾਤਿ ਨ ਜੋਰੁ ਹੈ ਅਗੈ ਜੀਉ ਨਵੇ ॥
ਜਿਨ ਕੀ ਲੇਖੈ ਪਤਿ ਪਵੈ ਚੰਗੇ ਸੇਈ ਕੇਇ ॥੩॥

(ਵਾਰ-ਆਸਾ, ਮਃ ੧ - ੪੬੯)

ਏਹ ਬਚਨ ਸੁਣ ਕੇ ਚੌਧਰੀ ਨੇ ਚਰਨ ਫੜ ਲਏ ਤੇ ਆਖਯਾ, "ਜੀ! ਮੈਂ ਪਰਖਦਾ ਸੀ। ਸੋ, ਮੈਨੂੰ ਮਾਫ਼ ਕਰੋ।" ਗੁਰੂ ਜੀ ਨੇ ਉਸ ਦਾ ਭੀ ਉਧਾਰ ਕੀਤਾ ਤੇ ਏਸੇ ਪ੍ਰਕਾਰ ਵਿਚਰਦੇ ਹੋਏ ਤਿੰਨ ਮਹੀਨੇ ਪਿੱਛੋਂ ਫੇਰ ਖਡੂਰ ਆ ਬਿਰਾਜੇ।

ਇਕ ਜੀਵਾ {ਭਾਈ ਜੀਵਾ - ਭਾਣਾ ਵਿੱਚ ਰਾਜ਼ੀ ਰਹੋ ਦਾ ਉਪਦੇਸ਼} ਨਾਮ ਜਿਮੀਦਾਰ ਗੁਰੂ ਕਾ ਪ੍ਰੇਮੀ ਸਿੱਖ ਸੀ। ਓਹ ਤਿੰਨ ਕੋਹ ਤੋਂ ਅੰਮ੍ਰਿਤ ਵੇਲੇ ਖਿਚੜੀ ਤੇ ਦਹੀਂ ਲੈ ਕੇ ਗੁਰੂ ਜੀ ਵਾਸਤੇ ਰੋਜ਼ ਆਉਂਦਾ ਰਿਹਾ ਤੇ ਫੇਰ ਓਸ ਦੀ ਪੁਤ੍ਰੀ ਜਿਵਾਈ ਨਾਮ ਪ੍ਰੇਮ ਵਿੱਚ ਰੱਤੀ ਹੋਈ ਲੈ ਕੇ ਆਵਣ ਲੱਗੀ। ਏਸੇ ਤਰ੍ਹਾਂ ਦਸ ਬਰਸ ਓਨ੍ਹਾਂ ਨੇ ਨੇਮ ਨਿਬਾਹਿਆ। ਇੱਕ ਦਿਨ ਡਾਢਾ ਝੱਖੜ ਹਨੇਰੀ ਆਯਾ ਤਾਂ ਓਸ ਨੇ ਆਖਯਾ, "ਜੇ ਹਨੇਰੀ ਹਟ ਜਾਏ ਤਾਂ ਚੰਗਾ ਹੈ।" ਇਤਨਾ ਕਹਿਣ ਨਾਲ ਹਨੇਰੀ ਤਾਂ ਹਟ ਗਈ, ਪਰ ਓਸ ਦਿਨ ਗੁਰੂ ਜੀ ਨੇ ਖਿਚੜੀ ਨਾ ਖਾਧੀ। ਜਾਂ ਜਿਵਾਈ ਰੋਣ ਲੱਗ ਪਈ ਤਾਂ ਗੁਰੂ ਜੀ ਨੇ ਕਿਹਾ, "ਬੇਟੀ! ਅੱਜ ਤੁਸਾਂ ਮਨਮਤ ਕੀਤੀ ਹੈ। ਜਿਨ੍ਹਾਂ ਬੇਅੰਤ ਸਰਪਾਂ ਨੂੰ ਕੋਰੇ ਪੱਥਰਾਂ ਦੀ ਧਰਤੀ ਵਿੱਚ ਏਸ ਝੱਖੜ ਹਨੇਰੀ ਨਾਲ ਰੇਤੇ ਦਾ ਭੋਜਨ ਪਹੁੰਚਣਾ ਸੀ ਤੇ ਜਹਾਜ ਚੱਲਣੇ ਸਨ ਤੇ ਹੋਰ ਕਈ ਕੰਮ ਖਲਕਤ ਦੇ ਸੌਰਨੇ ਸਨ, ਤੁਸਾਂ ਓਹ ਬੰਦ ਕਰ ਦਿੱਤੇ। ਅਸੀਂ ਤਾਂ ਚਾਰ ਘੜੀਆਂ ਪਿੱਛੋਂ ਪ੍ਰਸ਼ਾਦ ਛਕ ਲੈਂਦੇ, ਤੁਸਾਂ ਰਬ ਰਜ਼ਾਇ ਕਿਉਂ ਮੇਟੀ?" ਏਸੇ ਪਰ ਗੁਰੂ ਜੀ ਨੇ ਉੱਚ ਪਿੰਡ ਵਾਲੇ ਜਲਾਲ ਪੀਰ ਦੀ ਕਥਾ ਸੁਣਾਈ ਜੋ ਗੁਰਮੁਖਾਂ ਨੂੰ ਦੇਖਣ ਗਿਆ ਸੀ ਤੇ ਦਰਿਆ ਵਿੱਚ ਬੇੜਾ ਡੁੱਬਦਾ ਤੇ ਮੀਂਹ ਪੈਂਦਾ ਓਨ ਹਟਾਯਾ ਸੀ, ਜਿਸ ਕਰ ਕੇ ਓਸ ਨੂੰ ਭੋਜਨ ਨਹੀਂ ਸੀ ਲੱਭਾ ਤੇ ਗੁਰਮੁਖਾਂ ਨੇ ਆਪਣੇ ਵਿੱਚੋਂ ਓਸ ਨੂੰ ਧੱਕ ਦਿੱਤਾ ਸੀ। ਏਹ ਕਹਾਣੀ ਸੁਣ ਕੇ ਸਭ ਸਿੱਖ ਨਸੀਹਤ ਮੰਨ ਗਏ ਤੇ ਜੀਵੇ। ਜਿਵਾਈ ਨੇ ਭੀ ਭੁੱਲ ਮਾਫ਼ ਕਰਾਈ ਤੇ ਅੱਗੇ ਨੂੰ ਪ੍ਰਭੂ ਦੀ ਰਜ਼ਾ ਵਿੱਚ ਦਖਲ ਦੇਣੋਂ ਹਟ ਕੇ ਪਰਮਪਦ ਨੂੰ ਪ੍ਰਾਪਤ ਹੋ ਗਏ।

ਖਡੂਰ ਵਿੱਚ ਇੱਕ {ਦੋਖੀ ਤਪਾ ਸ਼ਿਵਨਾਥ} ਸ਼ਿਵਨਾਥ ਨਾਮ ਤਪਾ ਜੋਗੀ ਖਹਿਰੇ ਜੱਟਾਂ ਦਾ ਗੁਰੂ ਸੀ। ਓਹ ਜੰਤ੍ਰ ਮੰਤ੍ਰ ਟੂਣੇ ਟਾਮਣ ਬਹੁਤ ਕਰਿਆ ਕਰੇ। ਏਸ ਕਰ ਕੇ ਲੋਗ ਓਸ ਨੂੰ ਚੰਗਾ ਮੰਨਦੇ ਸੇ। ਭਾਵੇਂ ਓਹ ਸਾਧੂ ਚੰਗਾ ਹੀ ਸੀ ਪਰ ਗੁਰੂ ਜੀ ਦੀ ਮਹਿਮਾ ਤੇ ਰਚਨਾ ਦਿਨੋਂ ਦਿਨ ਵਧਦੀ ਦੇਖ ਕੇ ਬਹੁਤ ਸੜਦਾ ਤੇ ਨਿੰਦਾ ਕਰਦਾ ਰਹਿੰਦਾ। "ਦੇਖੋ ਭਾਈ! ਕਲਿਜੁਗ ਦੇ ਉਲਟੇ ਕੰਮ ਹਨ। ਜੋ ਪੂਜਣੇ ਜੋਗ ਨਹੀਂ, ਓਨ੍ਹਾਂ ਨੂੰ ਲੋਗ ਪੂਜਦੇ ਹਨ ਤੇ ਸਾਨੂੰ ਸੰਤਾਂ ਨੂੰ ਕੋਈ ਪੁਛਦਾ ਭੀ ਨਹੀਂ।" ਸੰਮਤ ੧੬੦੧ ਬਿਕ੍ਰਮੀ ਨੂੰ ਕੁਦਰਤ ਨਾਲ ਬਰਖਾ ਨਾ ਹੋਈ। ਭਾਰੀ ਕਾਲ ਕੜਕਿਆ ਤਾਂ ਲੋਕ ਜੁੜ ਕੇ ਓਸ ਜੋਗੀ ਪਾਸ ਗਏ ਤੇ ਆਖਿਆ, "ਕੋਈ ਜਤਨ ਕਰੋ ਜੋ ਬਰਖਾ ਹੋਵੇ।" ਜੋਗੀ ਬੋਲਿਆ, "ਜਿਥੇ ਏਹੋ ਜੇਹੇ ਅਜੋਗ ਕਰਮ ਹੋਣ, ਗ੍ਰਿਸਤੀ ਖੱਤ੍ਰੀ ਦਾ ਮਾਨ ਹੋਵੇ, ਓਥੇ ਬਰਖਾ ਕਿਥੇ? ਹੁਣ ਸੰਤਾਂ ਕੋਲ ਕਿਉਂ ਆਏ? ਓਸੇ ਲਹਿਣੇ ਨੂੰ ਆਖੋ, ਬਰਖਾ ਕਰਾਵੇ। ਨਹੀਂ ਤਾਂ ਪਿੰਡ ਛੱਡੇ। ਅਸੀਂ ਬਰਖਾ ਅੱਠਾਂ ਪਹਿਰਾਂ ਦੇ ਅੰਦਰ ਅੰਦਰ ਕਰਾਉਂਦੇ ਹਾਂ।" ਜੱਟ ਬੇਸਮਝ ਸਨ। ਸਾਰੇ ਗੁਰੂ ਜੀ ਪਾਸ ਗਏ ਤੇ ਆਖਿਆ, "ਜੀ! ਯਾਂ ਤਾਂ ਬਰਖਾ ਕਰਾਓ, ਨਹੀਂ ਤਾਂ ਪਿੰਡੋਂ ਜਾਓ।" ਗੁਰੂ ਜੀ ਸ਼ਾਂਤਿ ਸਰੂਪ ਬੋਲੇ, "ਬਰਖਾ ਈਸ਼੍ਵਰ ਦੇ ਹੱਥ ਹੈ, ਹੋਰ ਕਿਸੇ ਦੇ ਨਹੀਂ। ਅਸੀਂ ਰੱਬ ਦੇ ਸ਼ਰੀਕ ਹਾਕਮ ਨਹੀਂ। ਜੋ ਹੈ, ਸੋ ਬਰਖਾ ਕਰਾਏ। ਜੇਕਰ ਸਾਡੇ ਤੁਰ

ਗਿਆਂ ਜੋਗੀ ਮੀਂਹ ਵਸਾ ਦੇਵੇ ਤਾਂ ਅਸੀਂ ਏਥੋਂ ਤੁਰ ਜਾਂਦੇ ਹਾਂ।" ਜੱਟਾਂ ਆਖਯਾ, "ਜੀ! ਜਿਵੇਂ ਜੋਗੀ ਆਖਦਾ ਹੈ ਤਿਵੇਂ ਕਰੋ।" ਏਹ ਗੱਲ ਸੁਣ ਕੇ ਬਾਬੇ ਬੁੱਢੇ ਜੀ ਨੂੰ ਕ੍ਰੋਧ ਆਯਾ ਤੇ ਕੁਛ ਚਮਤਕਾਰਾ ਦਿਖਾਉਣਾ ਚਾਹਿਆ। ਪਰ ਗੁਰੂ ਜੀ ਨੇ ਕਿਹਾ, "ਸਾਡਾ ਧਰਮ ਛਿਮਾ ਕਰਨਾ ਹੈ।" ਏਹ ਕਹਿ ਕੇ ਉੱਠ ਤੁਰੇ। ਜਾਂ ਪਿੰਡੋਂ ਦੂਰ ਜਾ ਕੇ ਰੁੱਖ ਹੇਠਾਂ ਬੈਠਣ ਲੱਗੇ ਤਾਂ ਜੱਟਾਂ ਨੇ ਓਥੇ ਭੀ ਨਾ ਬੈਠਣ ਦਿੱਤਾ। ਸੰਗਤ ਭੀ ਗੁਰੂ ਜੀ ਦੇ ਪਿੱਛੇ ਪਿੱਛੇ ਲੱਗੀ ਗਈ। ਸੱਤ ਕੋਹ ਪੁਰ ਰਜਾਦੇ ਖਾਂ ਵਾਲੇ ਪਿੰਡ ਦੇ ਟਿੱਬੇ ਉੱਤੇ ਜਾ ਬੈਠੇ। ਚੁਫੇਰੇ ਦੇ ਪਿੰਡਾਂ ਨੂੰ ਖ਼ਬਰ ਹੋਈ ਤਾਂ ਬੜੀ ਸ਼ਰਧਾ ਨਾਲ ਛਪਰ ਪਾ ਦਿੱਤੇ। ਰਿੱਧੀ ਆ ਗਈ। ਲੰਗਰ ਸਜਣ ਲੱਗੇ। ਜੰਗਲ ਵਿੱਚ ਮੰਗਲ ਹੋ ਗਿਆ।

ਏਧਰ ਜੱਟ ਜੋਗੀ ਦੇ ਗਿਰਦੇ ਹੋਏ। ਓਹ ਬਥੇਰੇ ਟੂਣੇ ਟਾਮਣ ਕਰ ਰਿਹਾ। ਅੱਠਾਂ ਪਹਿਰਾਂ ਦੇ ਅੱਠ ਦਿਨ ਬੀਤ ਗਏ ਪਰ ਕੁਛ ਨਾ ਬਣਿਆਂ। ਜੱਟਾਂ ਦਾ ਮੂੰਹ ਪਾਟਾ ਹੋਯਾ ਹੁੰਦਾ ਹੈ। ਲੱਗੇ ਕੁਛ ਕੁਛ ਕਹਿਣ। ਤਦੋਂ ਨੂੰ ਗੁਰੂ ਅਮਰਦਾਸ ਜੀ ਜੋ ਆਪਣੇ ਪਿੰਡ ਗਏ ਹੋਏ ਸੇ, ਖੰਡੂਰ ਆਏ ਤਾਂ ਅੱਗੇ ਧਰਮਸਾਲਾ ਵਿੱਚ ਸੁੰਨ ਸਾਨ ਡਿੱਠੀ। ਲੋਗਾਂ ਤੋਂ ਸਾਰਾ ਬ੍ਰਿਤਾਂਤ ਸੁਣ ਕੇ ਕੋਪ ਵਿੱਚ ਆ ਗਏ ਤੇ ਜੱਟਾਂ ਨੂੰ ਆਖਿਆ, "ਤੁਸੀਂ ਬੜੇ ਬੇਸਮਝ ਹੋ। ਝੂਠੇ ਜੋਗੀ ਦੇ ਆਖੇ ਲੱਗ ਕੇ ਤੁਸਾਂ ਗੁਰੂ ਜੀ ਦੀ ਬੇਅਦਬੀ ਕੀਤੀ। ਜੇਕਰ ਤੁਹਾਨੂੰ ਮੀਂਹ ਦੀ ਲੋੜ ਹੈ ਤਾਂ ਇੱਕ ਪਾਸੇ ਏਸ ਜੋਗੀ ਦੇ ਗੱਲ ਵਿੱਚ ਪੰਜਾਲੀ ਪਾਓ ਤੇ ਇੱਕ ਪਾਸੇ ਅੱਲ੍ਹੜ ਵੈੜ੍ਹਕਾ ਜੋਵੋ। ਜਿੱਥੇ ਜਿੱਥੇ ਮੀਂਹ ਦੀ ਲੋੜ ਹੈ, ਓਥੇ ਓਥੇ ਅੱਜ ਹੀ ਫੇਰ ਲਵੋ। ਜਿੱਥੇ ਏਹ ਫਿਰ ਜਾਏਗਾ ਓਥੇ ਮੀਂਹ ਪੈ ਜਾਏਗਾ।" ਏਹ ਗੱਲ ਸੁਣ ਕੇ ਜੱਟਾਂ ਨੇ ਓਸੇ ਤਰ੍ਹਾਂ ਕੀਤਾ। ਆਖਿਆ, "ਨਾਥ ਜੀ! ਤੁਹਾਨੂੰ ਜ਼ਰਾ ਤਕਲੀਫ਼ ਹੋਊ ਪਰ ਸਾਡਾ ਭੀ ਇੱਕ ਟੂਣਾ ਹੋ ਜਾਣ ਦਿਓ।" ਜਦ ਜੋਗੀ ਨੇ ਛੁਟਕਾਰਾ ਹੁੰਦਾ ਨਾ ਦੇਖਿਆ ਤਾਂ ਲਾਚਾਰ (ਜੈਸੀ ਕਰਨੀ ਤੈਸੀ ਭਰਨੀ) ਗੱਲ੍ਹ ਵਿੱਚ ਪੰਜਾਲੀ ਪਾਵਣੀ ਪਈ। ਜਿਸ ਵੇਲੇ ਢੱਗਾ ਜੋਤ ਕੇ ਤੋਰਿਆ ਓਸੇ ਵੇਲੇ ਬਰਖਾ ਹੋਣੀ ਸ਼ੁਰੂ ਹੋਈ। ਜਿੱਧਰ ਜਿੱਧਰ ਜੱਟ ਲਈ ਜਾਣ ਓਧਰੇ ਹੀ ਬਰਖਾ ਹੁੰਦੀ ਜਾਏ। ਤਾਂ ਜੱਟਾਂ ਨੂੰ ਆਪਣੀ ਆਪਣੀ ਹੱਦ ਵਿੱਚ ਮੀਂਹ ਬਰਸਾਉਂਣ ਦੀ ਖਿਚਾ ਖਿਚੀ ਹੋ ਗਈ। ਕੋਈ ਕਿਧਰੇ ਖਿੱਚੇ, ਕੋਈ ਕਿਧਰੇ ਘਸੀਟੇ। ਜੋਗੀ ਦੀ ਕੋਈ ਗੱਲ ਨਾ ਸੁਣੇ। ਓੜਕ ਘਸੀਟਦਿਆਂ ਘਸੀਟਦਿਆਂ ਜੋਗੀ ਦਾ ਤੂੰਬਾ ੨ ਉਡ ਗਿਆ। 'ਗੁਰ ਨਿੰਦਕ ਸਗ ਕੀ ਮ੍ਰਿਤ ਪਾਵੈ।' ਫੇਰ ਕੁਦਰਤ ਨਾਲ ਸਾਰੇ ਹੀ ਦੇਸ਼ ਵਿੱਚ ਬਰਖਾ ਹੋ ਗਈ ਤਾਂ ਖਡੂਰ ਦੇ ਚੌਧਰੀ ਤੇ ਜੱਟ ਸਭ ਮਿਲ ਕਰ ਕੇ ਗੁਰੂ ਅੰਗਦ ਜੀ ਦੇ ਚਰਨੀਂ ਆ ਪਏ ਤੇ ਬੇਨਤੀ ਕੀਤੀ, "ਜੀ! ਖਡੂਰ ਚੱਲੋ।" ਜਾਂ ਗੁਰੂ ਜੀ ਨੇ ਬਰਖਾ ਹੋਣ ਦਾ ਸਾਰਾ ਬ੍ਰਿਤਾਂਤ ਸੁਣਿਆ ਤਾਂ ਜਟਾਂ ਨੂੰ ਤਾਂ ਕੁਛ ਨਾ ਆਖਿਆ ਪਰ ਗੁਰੂ ਅਮਰਦਾਸ ਜੀ ਉੱਤੇ ਬਹੁਤ ਗ਼ੁੱਸੇ ਹੋਏ। ਪ੍ਰੰਤੂ ਸੰਗਤ ਸਾਰੀ ਗੁਰਨਿੰਦਕ ਦਾ ਬੁਰੇ ਹਾਲ ਮਰਨਾ ਸੁਣ ਕੇ ਬਹੁਤ ਖ਼ੁਸ਼ੀ ਹੋਈ। ਫੇਰ ਅਤਿ ਨਿੰਮ੍ਰ ਹੋ ਹੱਥ ਜੋੜ ਕੇ ਸਭ ਨੇ ਬੇਨਤੀ ਕੀਤੀ ਤਾਂ ਗੁਰੂ ਜੀ ਖਡੂਰ ਵੱਨੀਂ ਚੱਲ ਪਏ।

ਜਾਂ ਗੁਰੂ ਜੀ ਭੈਰੋਂ {ਭੈਰੋਪੁਰ} ਨਾਮ ਪਿੰਡ ਪਾਸ ਆਏ ਤਾਂ ਸੱਤਰ ਬਰਸ ਦਾ ਬੁੱਢਾ ਗੁਰੂ ਕਾ ਪ੍ਰੇਮੀ {ਭਾਈ ਖੇਮਾ} 'ਭਾਈ ਖੇਮਾ' ਖ਼ਬਰ ਸੁਣ ਕੇ ਅੱਗੇ ਆ ਖੜੋਤਾ ਤੇ ਬਹੁਤ ਬੇਨਤੀਆਂ ਕਰ ਕੇ ਆਪਣੇ ਘਰ ਲੈ ਗਿਆ। ਓਸ ਦੇ ਮਿਲਖ ਬਹੁਤ ਸੇ ਪਰ ਸੰਤਾਨ ਨਹੀਂ ਸੀ ਤੇ ਵਿਆਹ ਭੀ ਦੋ ਕਰਾਏ ਸੇ। ਏਸ ਨੇ ਸੰਗਤ ਤੇ ਗੁਰਾਂ ਦੀ ਬਹੁਤ ਸੇਵਾ ਕੀਤੀ। ਪ੍ਰਸ਼ਾਦ ਛੱਕ ਚੁੱਕੇ ਤਾਂ ਗੁਰੂ ਅਮਰਦਾਸ ਜੀ ਨੇ ਅਰਦਾਸ ਕਰ ਦਿੱਤੀ ਕਿ ਭਾਈ ਖੇਮੇਂ ਦੇ ਘਰ ਪੁੱਤ੍ਰ ਹੋਵੇ। ਭਾਵੇਂ ਓਸ ਦੇ ਬੁਢੇਪੇ ਤੋਂ ਕਿਸੇ ਨੂੰ ਉਮੈਦ ਨਹੀਂ ਸੀ ਪਰ ਬਰਸ ਦੇ ਅੰਦਰ ਹੀ ਪੁੱਤ੍ਰ ਹੋ ਪਿਆ। ਜਦ ਗੁਰੂ ਜੀ ਖਡੂਰ ਆ ਕੇ ਬੈਠੇ ਅਰ ਗੁਰੂ ਅਮਰਦਾਸ ਜੀ ਚਰਨਾਂ ਉੱਪਰ ਮੱਥਾ ਟੇਕਣ ਲੱਗੇ ਤਾਂ ਗੁਰੂ ਅੰਗਦ ਜੀ ਨੇ ਚਰਨ ਪਿੱਛੇ ਹਟਾ ਲੀਤੇ। ਅਮਰਦਾਸ ਜੀ ਹੱਥ ਜੋੜ ਕੇ ਸਨਮੁਖ ਖੜੇ ਹੋ ਗਏ ਤਾਂ ਬਾਬੇ ਬੁੱਢੇ ਨੇ ਬੇਨਤੀ ਕੀਤੀ, "ਮਹਾਰਾਜ! ਸਿੱਖਾਂ ਤੋਂ ਗੁਰਾਂ ਦੀ ਨਿਰਾਦਰੀ ਨਹੀਂ ਸਹਾਰੀ ਜਾਂਦੀ। ਏਨ੍ਹਾਂ ਦਾ ਕੁਛ ਦੋਸ਼ ਨਹੀਂ। ਜੋਗੀ ਨੇ ਆਪਣੇ ਕਰਮਾਂ ਦਾ ਫ਼ਲ ਪਾਯਾ ਹੈ।" ਗੁਰੂ ਜੀ ਬੋਲੇ ਸਾਡੇ ਪਾਸ

ਰਹਿ ਕੇ ਛਿਮਾਂ, ਸਹਾਰਾ, ਜਰਣਾ ਜੇਕਰ ਨਾ ਧਾਰੀ ਤਾਂ ਕੀ ਫ਼ਲ ਹੋਯਾ? ਨਿਰਾਪੁਰਾ ਲੋਕਾਂ ਨੂੰ ਰਿਝਾਉਨਾਂ ਸਾਡੇ ਪਸੰਦ ਨਹੀਂ।" ਤਦ ਗੁਰੂ ਅਮਰਦਾਸ ਜੀ ਚਰਨੀਂ ਢਹਿ ਪਏ ਤੇ ਆਖਿਆ, "ਪਿਛਲੇ ਔਗਣ ਬਖ਼ਸ਼ ਲਵੋ ਤੇ ਅੱਗੇ ਨੂੰ ਰਸਤੇ ਪਾਓ।" ਗੁਰੂ ਜੀ ਨੇ ਕਿਹਾ, "ਸਾਧ ਧਰਤੀ ਜੇਡਾ ਧੀਰਜ ਤੇ ਪਰਬਤ ਵਾਂਗੂੰ ਦੁਖ ਸੁਖ ਮਾਨ ਅਪਮਾਨ ਵਿੱਚ ਅਡੋਲਤਾ, ਜਲ ਜੇਹੀ ਨਿਰਮਲਤਾ ਤੇ ਅਗਨੀ ਦਾ ਸੁਭਾਵ ਸੁਆਦ ਬੇ ਸੁਆਦ ਨਾ ਪਰਖਣ ਵਾਲਾ ਰੱਖੇ ਤੇ ਪੌਣ ਵਾਂਗ ਸਭ ਨਾਲ ਸਪਰਸ਼ ਕਰਦਾ ਹੋਯਾ ਭੀ ਅਸੰਗ ਰਹੇ। ਸਭ ਆਤਮਾਂ ਨੂੰ ਪ੍ਰਮਾਤਮਾ ਦੇਖੇ। ਕਿਸੇ ਦਾ ਬੁਰਾ ਨਾ ਕਰੇ ਤੇ ਛੋਟਾ ਬਣ ਰਹੇ। ਕਿਉਂ ਜੋ ਜਿਸ ਪ੍ਰਕਾਰ ਛੋਟਾ ਬਾਲਕ ਮਾਤਾ ਪਿਤਾ ਨੂੰ ਪਜਾਰਾ ਲਗਦਾ ਹੈ ਉਸੇ ਤਰ੍ਹਾਂ ਪਰਮੇਸ਼੍ਵਰ ਭੀ ਛੋਟਿਆਂ ਦਾ ਪਿਆਰਾ ਹੈ। ਉਤਨੀ ਕੀਮਤ ਪਰਬਤ ਦੀ ਨਹੀਂ ਪੈਂਦੀ ਜਿਤਨੀ ਨਿੱਕੇ ਜਿਹੇ (ਪੱਥਰ) ਹੀਰੇ ਦੀ ਪੈਂਦੀ ਹੈ। ਏਸ ਅਜਰ ਵਸਤੂ ਦਾ ਜਰਣਾ ਬਹੁਤ ਔਖਾ ਹੈ, ਜੋ ਜਰੇਗਾ ਸੋ ਤਰੇਗਾ। ਤੁਹਾਨੂੰ ਲੋਹਾ ਕੰਚਨ ਸਮ ਸਮਝਣਾ ਚਾਹੀਏ। ਸਰ ਵਿੱਚੋਂ ਇੱਕ ਬੂੰਦ ਪਾ ਕੇ ਉੱਛਲ ਪਿਆ ਹੈਂ, ਕੀ ਉਸ ਸਰ ਵਿੱਚ ਘਾਟਾ ਹੈ ਜਿੱਥੋਂ ਏਹ ਬੂੰਦ ਮਿਲੀ ਹੈ?"

ਏਹ ਉਪਦੇਸ਼ ਬਿਸ਼ੇਸ਼ ਸੁਖਦਾਇਕ ਸਮਝ ਕੇ ਗੁਰੂ ਅਮਰਦਾਸ ਜੀ ਨੇ ਚਰਨ ਫੜ ਲੀਤੇ ਅਤੇ ਅੱਗੇ ਨੂੰ ਮਨ ਨੂੰ ਰੋਕ ਕੇ ਚਲੇ।

ਇਨ੍ਹੀਂ ਦਿਨੀਂ {ਭਾਈ ਸ਼ੀਹਾਂ ਉੱਪਲ} ਸ਼ੀਹਾਂ ਨਾਮ ਉੱਪਲ ਖਤ੍ਰੀ ਪੰਜ ਬੱਕਰੇ ਲੈ ਕੇ ਗੁਰੂ ਜੀ ਦੇ ਹਜ਼ੂਰ ਆਯਾ ਤੇ ਅਰਜ਼ ਕੀਤੀ ਕਿ ਮੇਰੇ ਪੁਤ੍ਰਾਂ ਦੇ ਮੁੰਡਨ ਤੇ ਜਨੇਊ ਹੋਣੇ ਹਨ। ਏਸ ਲਈ ਆਪਣੇ ਰਿਵਾਜ ਦੇ ਮੁਜਬ ਬ੍ਰਾਹਮਣਾਂ ਦੇ ਕਹੇ ਅਨੁਸਾਰ ਇਹ ਬੱਕਰੇ ਬਲੀ ਕਰਨ ਵਾਸਤੇ ਲਿਆਯਾ ਹਾਂ ਤਾਂਕਿ ਕਾਰਜ ਨਿਰਵਿਘਨ ਸਮਾਪਤ ਹੋਵੇ। ਗੁਰੂ ਜੀ ਨੇ ਆਖਿਆ, "ਕਿਸੇ ਦਾ ਬੁਰਾ ਕਰ ਕੇ ਆਪਣਾ ਭਲਾ ਮੰਗਣਾ ਏਹ ਭਾਰੀ ਪਾਪ ਹੈ। ਏਸ ਦਾ ਲੇਖਾ ਦੇਣਾ ਪਵੇਗਾ।" ਯਥਾ ਮਹਾਰਾਜ ਜੀ ਦਾ ਵਾਕ ਹੈ:

ਮਃ ੧ ॥
ਨਾਨਕੁ ਆਖੈ ਰੇ ਮਨਾ ਸੁਣੀਐ ਸਿਖ ਸਹੀ ॥
ਲੇਖਾ ਰਬੁ ਮੰਗੇਸੀਆ ਬੈਠਾ ਕਢਿ ਵਹੀ ॥
ਤਲਬਾ ਪਉਸਨਿ ਆਕੀਆ ਬਾਕੀ ਜਿਨਾ ਰਹੀ ॥
ਅਜਰਾਈਲੁ ਫਰੇਸਤਾ ਹੋਸੀ ਆਇ ਤਈ ॥
ਆਵਣੁ ਜਾਣੁ ਨ ਸੁਝਈ ਭੀੜੀ ਗਲੀ ਫਹੀ ॥
ਕੂੜ ਨਿਖੁਟੇ ਨਾਨਕਾ ਓੜਕਿ ਸਚਿ ਰਹੀ ॥੨॥

(ਰਾਮਕਲੀ ਵਾਰ-੧, ਮਃ ੧ - ੯੫੩)

ਤਾਂ ਤੇ ਮਾਸ ਨਾ ਵੰਡੋ। ਅਰਦਾਸ ਕਰਾ ਕੇ ਕੜਾਹ ਪ੍ਰਸ਼ਾਦ ਵੰਡੋ ਤੇ ਸਿੱਖਾਂ ਸਾਧਾਂ ਗ਼ਰੀਬਾਂ ਨੂੰ ਛਕਾਓ। ਸ਼ਬਦ ਕੀਰਤਨ ਦਾ ਉਚਾਰ ਕਰਾਓ, ਸਭ ਕਾਰਜ ਰਾਸ ਹੋਣਗੇ।

ਇੱਕ ਦੇਵਗਿਰੀ ਗੁਸਾਈਂ ਗੁਰੂ ਜੀ ਪਾਸ ਜਮਾਤ ਲੈ ਕੇ ਆਇਆ ਤਾਂ ਗੁਰੂ ਜੀ ਨੇ ਓਸ ਦੀ ਬਹੁਤ ਸੇਵਾ ਕਰਾਈ। ਓਸ ਨੇ ਲੰਗਰ ਚਲਦਾ ਤੇ ਭਗਤੀ ਭਾਵ ਦਾ ਪ੍ਰਚਾਰ ਹੁੰਦਾ ਦੇਖ ਕੇ ਖ਼ੁਸ਼ੀ ਹੋ ਕੇ ਆਖਿਆ, "ਮੇਰੇ ਪਾਸ ਪਾਰਾ ਮਾਰਯਾ ਹੋਇਆ ਐਸਾ ਹੈ ਕਿ ਇੱਕ ਰੱਤੀ ਬਾਵਨ ਤੋਲੇ ਤਾਂਬੇ ਨੂੰ ਕੁੰਦਨ ਵਰਗਾ ਸੋਇਨਾ ਕਰ ਦਿੰਦਾ ਹੈ।" ਏਹ ਕਹਿ ਕੇ ਦੋ ਇੱਕ ਸਰ ਪੈਸਜਾਂ ਦਾ ਸੋਇਨਾ ਕਰ ਦਿਖਾਯਾ ਤੇ ਬਿੱਲ ਗੁਰੂ ਜੀ ਦੇ ਅੱਗੇ ਰੱਖ ਕੇ ਆਖਣ ਲਗਾ ਕਿ ਤੁਸੀਂ ਭੀ ਏਸ ਦੀ ਬੂਟੀ ਸਿੱਖ ਲਵੋ। ਤਾਂ {ਨਾਮ ਹੀ ਰਸਾਇਣ} ਗੁਰੂ ਜੀ ਬੋਲੇ:

ਧਨਾਸਰੀ ਮਹਲਾ ੩ ॥
ਮਨੁ ਮਰੈ ਧਾਤੁ ਮਰਿ ਜਾਇ ॥
ਬਿਨੁ ਮਨ ਮੂਏ ਕੈਸੇ ਹਰਿ ਪਾਇ ॥

ਇਹੁ ਮਨੁ ਮਰੈ ਦਾਰੂ ਜਾਣੈ ਕੋਇ ॥
ਮਨੁ ਸਬਦਿ ਮਰੈ ਬੂਝੈ ਜਨੁ ਸੋਇ ॥੧॥
ਜਿਸ ਨੋ ਬਖਸੇ ਹਰਿ ਦੇ ਵਡਿਆਈ ॥
ਗੁਰ ਪਰਸਾਦਿ ਵਸੈ ਮਨਿ ਆਈ ॥ ਰਹਾਉ ॥
ਗੁਰਮੁਖਿ ਕਰਣੀ ਕਾਰ ਕਮਾਵੈ ॥
ਤਾ ਇਸੁ ਮਨ ਕੀ ਸੋਝੀ ਪਾਵੈ ॥
ਮਨੁ ਮੈ ਮਤੁ ਮੈਗਲ ਮਿਕਦਾਰਾ ॥
ਗੁਰੁ ਅੰਕਸੁ ਮਾਰਿ ਜੀਵਾਲਣਹਾਰਾ ॥੨॥
ਮਨੁ ਅਸਾਧੁ ਸਾਧੈ ਜਨੁ ਕੋਈ ॥
ਅਚਰੁ ਚਰੈ ਤਾ ਨਿਰਮਲੁ ਹੋਈ ॥
ਗੁਰਮੁਖਿ ਇਹੁ ਮਨੁ ਲਇਆ ਸਵਾਰਿ ॥
ਹਉਮੈ ਵਿਚਹੁ ਤਜੈ ਵਿਕਾਰ ॥੩॥
ਜੋ ਧੁਰਿ ਰਖਿਅਨੁ ਮੇਲਿ ਮਿਲਾਇ ॥
ਕਦੇ ਨ ਵਿਛੁੜਹਿ ਸਬਦਿ ਸਮਾਇ ॥
ਆਪਣੀ ਕਲਾ ਆਪੇ ਪ੍ਰਭੁ ਜਾਣੈ ॥
ਨਾਨਕ ਗੁਰਮੁਖਿ ਨਾਮੁ ਪਛਾਣੈ ॥੪॥੬॥

(ਧਨਾਸਰੀ, ਮਃ ੩ - ੬੬੫)

(ਇਹ ਸ਼ਬਦ ਗੁਰੂ ਅਮਰਦਾਸ ਜੀ ਦਾ ਉਚਾਰਨ ਕੀਤਾ ਹੈ)

ਇਤਯਾਦਿਕ ਸ਼ਬਦ ਸੁਣਾ ਕੇ ਓਸ ਨੂੰ ਐਸਾ ਦ੍ਰਿੜ ਗਯਾਨ ਕਰਾਯਾ ਜੋ ਕਪਾਟ ਖੁੱਲ੍ਹ ਗਏ ਤੇ ਸਾਰੀ ਦੁਨੀਆਂ ਦੀ ਦੌਲਤ ਆਪਣੀ ਹੀ ਨਜ਼ਰ ਆਉਣ ਲੱਗੀ। ਜਮਾਤ ਛੱਡ ਕੇ ਗੁਰੂ ਜੀ ਦੇ ਪਾਸ ਰਹਿਣ ਲੱਗ ਪਿਆ। ਏਹ ਗੁਰੂ ਅਮਰਦਾਸ ਜੀ ਪਾਸ ਭੀ ਰਹਿੰਦਾ ਰਿਹਾ ਸੀ।

ਇਕ {ਭਾਈ ਗੁੱਜਰ} ਗੁੱਜਰ ਨਾਮ ਫਤਿਆਬਾਦ ਦੇ ਲੁਹਾਰ ਨੇ ਬੇਨਤੀ ਕੀਤੀ ਕਿ ਅਸੀਂ ਕੁਟੰਬ ਦੇ ਕੰਮਾਂ ਵਿੱਚ ਤਤਪਰ ਰਹਿੰਦੇ ਹਾਂ। ਕੁਛ ਧਰਮ ਪੁੰਨ ਨਹੀਂ ਹੁੰਦਾ। ਸੋ ਸਾਡਾ ਕੀਕੂੰ ਭਲਾ ਹੋਵੇ? ਗੁਰੂ ਜੀ ਨੇ ਬਚਨ ਕੀਤਾ, "ਗ੍ਰੀਬ ਦਾ ਕੰਮ ਧਨੀ ਤੋਂ ਪਹਿਲਾਂ ਕੀਤਾ ਕਰ। ਜਪਜੀ ਦਾ ਪਾਠ ਕਰ। ਧਰਮ ਦੀ ਕ੍ਰਿਤ ਕਰ ਵੰਡ ਛਕ, ਤੇਰਾ ਭਲਾ ਹੋਵੇਗਾ।" ਓਹ ਏਸੇ ਪ੍ਰਕਾਰ ਕਰਦਾ ਰਿਹਾ, ਇੱਕ ਦਿਨ ਰਾਤ ਨੂੰ ਕੈਦੀ ਨੱਠ ਕੇ ਗੁੱਜਰ ਦੇ ਘਰ ਆ ਗਏ ਤੇ ਗੁਰੂ ਜੀ ਦਾ ਵਾਸਤਾ ਪਾਯਾ। ਗੁੱਜਰ ਨੇ ਉਨ੍ਹਾਂ ਦੀ ਬੇੜੀ ਕੱਟ ਕੇ ਖਲਾਸੀ ਦਿੱਤੀ।

ਇਕ ਧਿੰਗਾ ਨਾਮ ਨਾਈ {ਧਿੰਗਾ/ਧਿੰਙਾ ਨਾਈ} ਗੁਰੂ ਜੀ ਦਾ ਸਿੱਖ ਨੁਰੰਗਾਬਾਦ ਦਾ ਰਹਿਣ ਵਾਲਾ ਪ੍ਰੇਮ ਨਾਲ ਸੇਵਾ ਕਰਦਾ ਹੁੰਦਾ ਸੀ। ਗੁਰੂ ਜੀ ਦੇ ਅੰਗੂਠੇ ਪਰ ਬੀਮਾਰੀ ਐਸੀ ਸੀ ਕਿ ਜੇ ਕੋਈ ਮੁੱਠੀਆਂ ਭਰੇ ਤਦ ਨੀਂਦ ਪੈਂਦੀ ਸੀ। ਓਹ ਨਾਈ ਇੱਕ ਦਿਨ ਸਾਰੀ ਰਾਤ ਮੁਠੀਆਂ ਭਰਦਾ ਰਿਹਾ ਤਾਂ ਮਹਾਰਾਜ ਨੇ ਖ਼ੁਸ਼ੀ ਹੋ ਕੇ ਓਸ ਨੂੰ ਸੈਣ ਭਗਤ ਦੀ ਸਾਖੀ ਸੁਣਾਈ। ਤਾਂ ਓਹ ਭੀ ਮਨੋਂ ਤਨੋਂ ਸੰਤਾਂ ਦੀ ਸੇਵਾ ਵਿੱਚ ਤਤਪਰ ਹੋ ਗਿਆ। ਓਸ ਦੇ ਜਜਮਾਨਾਂ ਦੇ ਘਰ ਇੱਕ ਦਿਨ ਵਿਆਹ ਸੀ ਤੇ ਧਿੰਗਾ ਗੁਰੂ ਜੀ ਦੀ ਸੇਵਾ ਵਿੱਚ ਹਾਜ਼ਰ ਸੀ। ਓਥੇ ਨਾ ਜਾ ਸਕਿਆ ਤਾਂ ਪਰਮੇਸ਼ਰ ਨੇ ਓਸ ਦਾ ਰੂਪ ਧਾਰ ਕੇ ਓਸ ਦੇ ਥਾਂ ਕੰਮ ਚਲਾਯਾ। ਈਸ਼੍ਵਰ ਦੇ ਦਰਸ਼ਨ ਕਰਨੇ ਕਰ ਸਭ ਦੇ ਮਨ ਸ਼ਾਂਤਿ ਹੋ ਗਏ ਅਤੇ ਗੁਰੂ ਧਾਰਨ ਦੀ ਅਭਿਲਾਖਾ ਕਰ ਕੇ ਜਦ ਗੁਰੂ ਅੰਗਦ ਜੀ ਪਾਸ ਆਏ ਤਾਂ ਏਹ ਭੇਤ ਖੁਲ੍ਹਿਆ। ਓਸ ਦਿਨ ਤੋਂ ਧਿੰਗੇ ਨੇ ਸਭ ਕੰਮ ਧੰਧੇ ਬਿਲਕੁਲ ਛੱਡ ਦਿੱਤੇ। ਕੇਵਲ ਭਜਨ ਭਗਤੀ ਕਰਨ ਲੱਗਾ। ਰਿੱਧੀ ਸਿੱਧੀ ਫੁਰ ਆਈ। ਪਰ ਓਨ ਅਜੇਹੀ ਜਰਨਾ ਕੀਤੀ ਕਿ ਕਦੇ ਕਿਸੇ ਨੂੰ ਵਰ ਸਰਾਪ ਨਾ ਦਿੱਤਾ। ਏਸ ਗੱਲੋਂ ਗੁਰੂ ਜੀ ਨੇ ਖ਼ੁਸ਼ ਹੋ ਕੇ ਓਸ ਨੂੰ ਜੱਫੀ ਵਿੱਚ ਲਿਆ ਤਾਂ ਓਸ ਦੇ ਕਪਾਟ ਖੁੱਲ੍ਹ ਗਏ।

ਇਕ ਪਾਰੋ {ਪਾਰੋ ਜੁਲਕਾ ਨੂੰ ਗਿਆਨ ਦਾ ਉਪਦੇਸ਼} ਨਾਮ ਜੁਲਕਾ ਖਤ੍ਰੀ ਗੁਰੂ ਸਾਹਿਬ ਜੀ ਦਾ ਸੁਜੱਸ ਸੁਣ ਕੇ ਖਡੂਰ ਆਯਾ। ਬੇਨਤੀ ਕੀਤੀ, "ਸੱਚੇ ਪਾਤਸ਼ਾਹ! ਮੈਂ ਨੇਤੀ, ਧੋਤੀ, ਯਮ, ਨਿਯਮ, ਪ੍ਰਤਿਆਹਾਰ, ਪ੍ਰਾਣਾਯਾਮ, ਧਾਰਣਾ, ਧਿਆਨ, ਸਮਾਧੀ ਲਾਉਣ ਭੀ ਸਿੱਖਿਆ, ਪਰ ਮਨ ਸ਼ਾਂਤਿ ਨਹੀਂ ਹੋਯਾ। ਏਸ ਦਾ ਕੋਈ ਉਪਾਇ ਦੱਸੋ?" ਗੁਰੂ ਜੀ ਨੇ ਹੱਸ ਕੇ ਆਖਿਆ, "ਭਾਈ ਪਾਰੋ! ਬਿਆਸ ਜੀ ਨੇ ਬੇਦ ਸ਼ਾਸਤ੍ਰ ਪੁਰਾਣ, ਸਿੰਮ੍ਰਤੀਆਂ ਪੜ੍ਹੇ ਤੇ ਰਚੇ, ਪਰ ਮਨ ਸ਼ਾਂਤਿ ਨ ਹੋਯਾ। ਤਾਂ ਹੇਮ ਕੁੰਟ ਪਰਬਤ ਵਿੱਚ ਜਾ ਕੇ ਰੋਣ ਲਗ ਪਿਆ। ਵੈਰਾਗ ਥੰਮ੍ਹੇ ਨਹੀਂ ਤਾਂ ਅਕਾਸ਼ਬਾਣੀ ਹੋਈ ਕਿ ਹੇ ਬਜਾਸ! ਤੂੰ ਸਤ ਸ਼ਾਸਤ੍ਰ ਦਾ ਅਭਿਜਾਸ ਕਰ। ਤਾਂ ਓਸ ਨੇ ਬੇਦਾਂਤ ਸ਼ਾਸਤ੍ਰ; ਜੋ ਅਨਿੰਨ ਭਗਤੀ ਦਾ ਭੰਡਾਰ ਹੈ, ਬਨਾਯਾ। ਓਸ ਬ੍ਰਹਮ ਵਿਦਿਆ ਦਾ ਅਭਿਆਸ ਕਰਨੇ ਕਰ ਓਸ ਦਾ ਮਨ ਆਤਮਾ ਪ੍ਰਮਾਤਮਾ ਵਿੱਚ ਜੁੜ ਗਿਆ। ਸੋ, ਹੇ ਭਾਈ ਪਾਰੋ! ਤੂੰ ਭੀ ਅਨਿੰਨਜ ਭਗਤੀ ਬ੍ਰਹਮ ਬਿੱਦਜਾ ਦਾ ਦ੍ਰਿੜ੍ਹ ਅਭਿਆਸ ਕਰ। ਅਸਥੂਲ, ਸੂਖਮ, ਕਾਰਨ ਏਨ੍ਹਾਂ ਤਿੰਨਾਂ ਦੇਹਾਂ ਤੋਂ ਵੱਖਰਾ; ਆਤਮਾ ਨੂੰ ਅਸੰਗ, ਨਿਰਬਿਕਾਰ ਸਮਝ। ਜਿਸ ਤਰ੍ਹਾਂ ਪੁਰਖ ਜੋ ਹੈ ਸੋ ਨਗਰ, ਘਰ, ਬਸਤ੍ਰਾਂ ਤੋਂ ਜੁਦਾ ਹੈ। ਏਸੇ ਤਰ੍ਹਾਂ ਆਤਮਾ ਨਿਆਰਾ ਹੈ। ਦੇਹ ਅਸੱਤ, ਜੜ੍ਹ, ਅਸੁਚੀ, ਦੁਖ ਰੂਪ ਤੇ ਆਤਮਾ ਸਤ, ਚਿਤ, ਆਨੰਦ ਰੂਪ ਹੈ। ਆਤਮਾ ਸਾਖੀ ਹੈ, ਏਹ ਅਨਾਤਮ ਪ੍ਰਪੰਚ ਸਾਖ ਹੈ। ਆਤਮਾ ਦ੍ਰਿਸ਼ਟਾ ਹੈ, ਅਨਾਤਮ ਦਿਸਜ ਹੈ। ਦੇਸ ਕਾਲ ਵਸਤੂ ਤੋਂ ਪਰੇ ਆਤਮਾ ਹੈ। ਓਸ ਨੂੰ ਅਗਨ ਜਲਾ ਨਹੀਂ ਸਕਦੀ, ਸ਼ਸਤ੍ਰ ਛੇਦ ਨਹੀਂ ਸਕਦਾ, ਪੌਣ ਚਲਾ ਨਹੀਂ ਸਕਦੀ ਤੇ ਜਲ ਗਾਲ ਨਹੀਂ ਸਕਦਾ ਤੇ ਕਾਲ ਕਲਪਨਾ ਵਿੱਚ ਨਹੀਂ ਆਉਂਦਾ।" ਏਸ ਪ੍ਰਕਾਰ ਦੀਆਂ ਹੋਰ ਕਈ ਸਝੌਤੀਆਂ ਦਿੱਤੀਆਂ।

ਜਦ ਸਭ ਉਪਦੇਸ਼ ਸੁਣ ਲਿਆ ਤਾਂ ਭਾਈ ਪਾਰੋ ਨੇ ਗੁਰੂ ਜੀ ਦੇ ਚਰਨ ਫੜ ਲਏ ਤੇ ਗੁਰਮੰਤ੍ਰ ਉਪਦੇਸ਼ ਧਾਰਨ ਕਰ ਬ੍ਰਹਮ ਵਿੱਦਜਾ ਦਾ ਅਭਿਆਸ ਕਰ ਕੇ ਜੀਵਨ ਮੁਕਤਿ ਅਵਸਥਾ ਨੂੰ ਪਾ ਕਰ ਗੁਰੂ ਜੀ ਦੀ ਸੰਗਤ ਵਿੱਚ ਹਾਜਰ ਰਹਿਣ ਲੱਗਾ।

ਇਕ ਮੱਲੂ ਸ਼ਾਹ {ਮੱਲੂ ਸ਼ਾਹੀ, ਮੁਗਲ ਫੌਜ ਦਾ ਨੌਕਰ} ਗੁਰੂ ਜੀ ਦਾ ਜੱਸ ਸੁਣ ਕੇ ਚਰਨੀ ਆ ਲੱਗਾ। ਪ੍ਰਾਰਥਨਾ ਕੀਤੀ, "ਸੱਚੇ ਪਾਤਸ਼ਾਹ! ਮੈਨੂੰ ਪ੍ਰਮੇਸ਼ਰ ਦੇ ਪਾਸੇ ਦਾ ਬਹੁਤ ਪ੍ਰੇਮ ਹੋਯਾ। ਰਾਮ ਰਾਮ ਦਾ ਭਜਨ ਬਹੁਤ ਕੀਤਾ। ਓੜਕ ਸਿਆਣੇ ਸਿਆਣੇ ਲੋਗਾਂ ਤੋਂ ਸੁਣਨ ਤੇ ਕਿਤਾਬਾਂ ਪੜ੍ਹਣ ਤੋਂ ਮਾਲੂਮ ਹੋਯਾ ਕਿ ਪਰਮੇਸ਼੍ਵਰ ਦੀ ਪ੍ਰਾਪਤੀ ਸੰਤਾਂ ਦੀ ਸੰਗਤ ਸੇਵਾ ਕਰਨੇ ਕਰ ਹੁੰਦੀ ਹੈ। ਤੇ ਮੈਂ ਮੁਗਲਾਂ ਦਾ ਨੌਕਰ ਹਾਂ। ਸੋ ਕੋਈ ਐਸਾ ਰਾਹ ਦੱਸੋ ਜਿਸ ਕਰ ਕੇ ਨੌਕਰੀ ਕਰਦਾ ਹੋਯਾ ਹੀ ਮੁਕਤ ਹੋ ਜਾਵਾਂ।" ਉਸ ਦੇ ਬਚਨ ਸੁਣ ਕੇ ਗੁਰੂ ਜੀ ਬਹੁਤ ਖ਼ੁਸ਼ੀ ਹੋਏ ਅਤੇ ਵਾਹਿਗੁਰੂ ਦੇ ਨਾਮ ਦੇ ਅਭਿਜਾਸ ਕਰਨ ਦੀ ਐਸੀ ਜੁਗਤਿ ਦੱਸੀ ਕਿ ਓਸ ਨੂੰ ਏਹ ਦ੍ਰਿੜ੍ਹ ਨਿਸਚਾ ਹੋ ਗਿਆ ਕਿ ਜੁੱਧ ਜੰਗ ਵਿੱਚ ਅੱਗੇ ਹੋ ਕੇ ਲੜਾਂ ਮਰਾਂਗਾ, ਤਾਂ ਸੁਵਰਗ ਦੇ ਸੁਖ ਭੋਗ ਕੇ, ਫੇਰ ਓਥੋਂ ਸੱਚਖੰਡ ਵਿੱਚ ਜਾ ਕੇ ਬ੍ਰਹਮ ਗਜਾਨੀ ਹੋ ਕੇ ਮੁਕਤਿ ਹੋ ਜਾਵਾਂਗਾ। ਤੇ ਜੇ ਨਿਰਵਾਸ ਹੋ ਕੇ ਜੰਗ ਵਿੱਚ ਦੇਹ ਤਿਆਗਾਂਗਾ, ਤਾਂ ਓਸੇ ਥਾਂ ਬਜਾਪਕ ਬ੍ਰਹਮ ਵਿੱਚ ਅਭੇਦ ਹੋ ਕਰ, ਪਰਮਾਨੰਦ ਦੀ ਪ੍ਰਾਪਤੀ, ਸੰਸਾਰ ਦੁਖ ਦੀ ਨਿਵਰਤੀ ਕਰ ਕੇ ਕੈਵਲਜ ਮੁਕਤੀ ਨੂੰ ਪ੍ਰਾਪਤ ਹੋਵਾਂਗਾ। ਅਤੇ ਜੇ ਰਾਜ ਦੀ ਇਛਜਾ ਰਹੀ, ਤਾਂ ਕਿਸੇ ਰਾਜਾ ਦੇ ਘਰ ਜਨਮ ਪਾ ਕੇ, ਬਾਂਛਤ ਹੁਕਮ ਕਰ, ਸੁਖ ਭੋਗ ਕੇ ਫੇਰ ਹਮੇਸ਼ ਸੱਚਖੰਡ ਵਿੱਚ ਆਖੰਡ ਆਨੰਦ ਨੂੰ ਪ੍ਰਾਪਤ ਹੋਵਾਂਗਾ। ਓਸ ਨੂੰ ਇਹ ਭੀ ਨਿਸਚੇ ਹੋ ਗਿਆ ਕਿ ਜੰਗ ਵਿੱਚ ਜੁਝਣ ਵਾਲੇ ਸਰਬ ਪ੍ਰਕਾਰ ਸ੍ਰੇਸ਼ਟ ਸਦਗਤੀ ਨੂੰ ਪ੍ਰਾਪਤ ਹੁੰਦੇ ਹਨ। ਜੇ ਹੋਰ ਕੁਛ ਨਾ ਹੋਊ ਤਾਂ ਸ਼ਹੀਦੀ ਪਦ ਤਾਂ ਕਿਸੇ ਪ੍ਰਕਾਰ ਜਾ ਹੀ ਨਹੀਂ ਸਕਦਾ। ਫੇਰ ਗੁਰੂ ਸਾਹਿਬ ਜੀ ਨੇ ਆਖਿਆ, "ਮੱਲੂ ਸ਼ਾਹ! ਤੇਰੇ ਦੋਹੀਂ ਹੱਥੀਂ ਲੱਡੂ ਹਨ।" ਏਹ ਬਚਨ ਸੁਣ ਕੇ ਓਹ ਪ੍ਰਸੰਨ ਚਿੱਤ ਹੋ ਨੌਕਰੀ ਉੱਤੇ ਗਿਆ ਤੇ ਸ੍ਵਾਸ ਸ੍ਵਾਸ ਵਾਹਿਗੁਰੂ ਦਾ ਸਿਮਰਨ ਕਰਨ ਲੱਗਾ।

ਭਾਈ ਕਿਦਾਰੀ {ਭਾਈ ਕਿਦਾਰੀ} ਨਾਮ ਜੋ ਪਹਿਲੇ ਦੇਵੀ ਦਾ ਭਗਤ ਸੀ, ਗੁਰੂ ਅੰਗਦ ਜੀ ਪਾਸ ਆਯਾ ਤੇ ਬੇਨਤੀ ਕੀਤੀ, "ਜੀ! ਮੈਂ ਦੇਵੀ ਦੀ ਉਪਾਸਨਾ ਭਗਤੀ ਬਹੁਤ ਕੀਤੀ ਹੈ। ਪਰ ਜਿੱਕੂ ਸੰਸਾਰੀ ਲੋਗ ਕਾਮ ਕ੍ਰੋਧ ਲੋਭ ਮੋਹ ਮਤਸਰ ਦੀ ਅੱਗ ਵਿੱਚ ਸੜਦੇ ਹਨ, ਏਸੇ ਤਰ੍ਹਾਂ ਮੇਰਾ ਮਨ ਭੀ ਤ੍ਰਿਸ਼ਨਾ ਅਗਨੀ ਵਿੱਚ ਸੜਦਾ ਹੈ। ਮੈਂ ਸੁਣਿਆਂ ਹੈ ਕਿ ਸਤਿਗੁਰਾਂ ਦਾ ਉਪਦੇਸ਼ ਧਾਰਨ ਕਰ ਕੇ ਕਾਮ ਕ੍ਰੋਧ ਆਦਿਕ ਬਿਚਾਰਾਂ ਦੀ ਜਲਣ ਮਿਟ ਜਾਂਦੀ ਹੈ। ਸੋ, ਕ੍ਰਿਪਾ ਕਰ ਕੇ ਮੈਨੂੰ ਉਪਦੇਸ਼ ਦਿਓ।" ਗੁਰੂ ਜੀ {ਸੰਸਾਰ ਵਣ ਨੂੰ ਅੱਗ ਦਾ ਦ੍ਰਿਸ਼ਟਾਂਤ} ਬੋਲੇ, "ਭਾਈ! ਜਿਕੂੰ ਬਣ ਨੂੰ ਚੁਫੇਰਿਓਂ ਦਉਂ ਦੀ ਅੱਗ ਲੱਗਦੀ ਹੈ, ਤਾਂ ਓਸ ਦੇ ਵਿੱਚ ਆ ਕੇ ਜੀਵ ਅਜੀਵ ਸੜ ਮਰਦੇ ਹਨ। ਪਰ ਕੁੱਦ ਜਾਣ ਵਾਲੇ ਮ੍ਰਿਗ ਨਿੱਕਲ ਕਰ ਸਰੋਵਰ ਯਾ ਨਦੀ ਕਿਨਾਰੇ ਜਾ ਆਨੰਦ ਪਾਉਂਦੇ ਹਨ ਕਿਉਂ ਜੋ ਓਥੇ ਓਸ ਅਗਨੀ ਦਾ ਭੈ ਨਹੀਂ ਰਹਿੰਦਾ। ਇਸੇ ਪ੍ਰਕਾਰ ਸਤਸੰਗ ਸਰੋਵਰ ਵਿੱਚ ਆ ਕੇ ਬਿਕਾਰਾਂ ਰੂਪੀ ਅਗਨੀ ਦਾ ਡਰ ਮਿਟ ਜਾਂਦਾ ਹੈ।" ਇਸ ਪ੍ਰਕਾਰ ਕਿਦਾਰੀ ਨੇ ਗੁਰੂ ਜੀ ਦੀ ਸੰਗਤ ਵਿੱਚ ਰਹਿ ਕੇ ਪਰਮਪਦ ਆਯਾ।

ਇਕ ਦਿਨ ਭਾਈ ਦੀਪਕ ਲਾਲ {ਭਾਈ ਦੀਪਕ ਲਾਲ} ਹੁਸ਼ਿਆਰਪੁਰ ਦਾ, ਨਰੈਣ ਦਾਸ ਖੱਤ੍ਰੀ, ਬੂਲਾ ਤ੍ਰਖਾਣ ਆਦਿ ਸਿੱਖਾਂ ਨੇ ਬੇਨਤੀ ਕੀਤੀ, "ਮਹਾਰਾਜ! ਜਨਮ ਮਰਣ ਦੇ ਦੁਖ ਤੋਂ ਬਚਾਓ।"

ਗੁਰੂ ਜੀ ਬੋਲੇ, "ਈਸ਼੍ਵਰ ਦੀ ਮਾਯਾ ਸਾਰੇ ਜਗਤ ਨੂੰ ਆਪਣੇ ਗੁਣ ਮੋਹਾਦਿਕ ਗ੍ਰਹਣ ਕਰਾ ਕੇ ਜਨਮ ਮ੍ਰਿਤੂ ਦੇ ਪ੍ਰਵਾਹ ਵਿੱਚ ਗੋਤੇ ਖੁਆ ਰਹੀ ਹੈ। ਏਸ ਤੋਂ ਛੁੱਟਣ ਦੇ ਭਾਵੇਂ ਤਿੰਨ ਉਪਾਇ {ਜੋਗ ਗਿਆਨ ਭਗਤੀ, ਭਗਤੀ ਸ੍ਰੇਸ਼ਟ} ਜੋਗ, ਗਿਆਨ, ਭਗਤੀ ਹਨ। ਪਰੰਤੂ ਜੋਗ ਤੇ ਗਿਆਨ ਪੁਰਖ ਰੂਪ ਹਨ। ਏਨ੍ਹਾਂ ਨੂੰ ਮਾਯਾ ਨਟਣੀ ਮੋਹਿਤ ਕਰ ਲੈਂਦੀ ਹੈ। ਪੁਰਖ ਨੂੰ ਇਸਤ੍ਰੀ ਭਰਮਾ ਸਕਦੀ ਹੈ। ਪਰ ਇਸਤ੍ਰੀ ਨੂੰ ਇਸਤ੍ਰੀ ਮੋਹਿਤ ਨਹੀਂ ਕਰਦੀ। ਸੋ ਭਗਤੀ ਜੋ ਪਤਿਬ੍ਰਤਾ ਇਸਤ੍ਰੀ ਹੈ, ਏਸ ਨੂੰ ਈਸ਼੍ਵਰੀ ਮਾਯਾ ਨਟਣੀ ਭਰਮਾ ਨਹੀਂ ਸਕਦੀ। ਏਸ ਲਈ ਭਗਤੀ ਪ੍ਰਭੂ ਨੂੰ ਮਿਲਾ ਦੇਂਦੀ ਹੈ। ਸੋ ਭਗਤੀ ਦੋ ਪ੍ਰਕਾਰ ਦੀ ਹੈ। ਇੱਕ ਨਿਰਗੁਣ ਬ੍ਰਹਮ ਦੀ, ਦੂਜੀ ਸਰਗੁਣ ਬ੍ਰਹਮ ਦੀ। ਆਪਣੇ ਆਪਣੇ ਇਸ਼ਟ ਦੇਵ ਨੂੰ ਈਸ਼੍ਵਰੀ ਰੂਪ ਮੰਨ ਕੇ ਓਹਨਾਂ ਦੀ ਮੂਰਤ ਨੂੰ ਇਸ਼ਨਾਨ ਕਰਾਉਣੇ ੧, ਚੰਦਨ ਪੁਸ਼ਪ ਚੜ੍ਹਾਉਂਣੇ ੨, ਧੂਪ ਦੀਪ ਤੇ ਆਰਤੀ ਕਰਨੀ ੩, ਨਿਰਤ ਕਰਨੀ ੪, ਬਾਜੇ ਬਜਾ ਕੇ ਭਜਨ ਗਾਉਣੇ ੫, ਭੋਗ ਲਵਾਉਣਾ ੬, ਸੈਨ ਕਰਾਉਣਾ ੭, ਗੁਣਾਂ ਦਾ ਬਰਨਨ ਕਰਨਾ ੮, ਧਯਾਨ ਧਰਨਾ ੯; ਏਹ ਨੌਧਾ ਭਗਤੀ ਸਰਗੁਣ ਬ੍ਰਹਮ ਦੀ ਹੈ। ਅੱਗੇ ਇਹ ਭੀ ਦੋ ਪ੍ਰਕਾਰ ਦੀ ਹੈ, ਇੱਕ ਮਾਨਸੀ ਦੂਜੀ ਭਾਨਸੀ। ਇਨ੍ਹਾਂ ਤੋਂ ਚਾਰ ਪ੍ਰਕਾਰ ਦੀ ਮੁਕਤੀ ਸਾਲੋਕ, ਸਾਮੀਪ, ਸਾਰੂਪ, ਸਾਯੁਜ ਤਾਂ ਪ੍ਰਾਪਤ ਹੋ ਸਕਦੀ ਹੈ, ਪਰ ਕੈਵਲਯ ਮੁਕਤਿ ਨਹੀਂ ਮਿਲਦੀ। ਦੂਸਰੀ ਨਿਰਗੁਣ ਬ੍ਰਹਮ ਦੀ ਅਨੰਨਯ ਭਗਤੀ ਹੈ ਜੋ ਸਰਬ ਸ਼ਕਤੀਵਾਨ ਪਰੀਪੂਰਨ ਪ੍ਰਮਾਤਮਾ ਵਿਖੇ ਅਤਿ ਪ੍ਰੇਮ ਕਰ ਕੇ ਸਭ ਕੁਛ ਉਸੇ ਦਾ ਮੰਨਣਾ, ਉੱਤਮ ਪਤਿਬ੍ਰਤਾ ਇਸਤ੍ਰੀ ਵਾਂਗੂੰ ਆਪ ਨੇ ਪਤਿ ਪ੍ਰਮੇਸ਼੍ਵਰ ਦੀ ਰਜ਼ਾ ਵਿੱਚ ਹਰ ਪ੍ਰਕਾਰ ਪ੍ਰਸੰਨ ਰਹਿਣਾ। ਇਸੇ ਨੂੰ ਪ੍ਰੇਮਾ ਭਗਤੀ ਆਖਦੇ ਹਨ। ਤੇ ਐਸੇ ਪ੍ਰਾਣੀ ਦਾ ਨਿਸਚਾ ਭੀ ਇਸ ਪ੍ਰਕਾਰ ਹੁੰਦਾ ਹੈ:

ਸਿਰੀਰਾਗੁ ਮਹਲਾ ੧ ਘਰੁ ਦੂਜਾ ੨ ॥

ਆਪੇ ਰਸੀਆ ਆਪਿ ਰਸੁ ਆਪੇ ਰਾਵਣਹਾਰੁ ॥
ਆਪੇ ਹੋਵੈ ਚੋਲੜਾ ਆਪੇ ਸੇਜ ਭਤਾਰੁ ॥੧॥
ਰੰਗਿ ਰਤਾ ਮੇਰਾ ਸਾਹਿਬੁ ਰਵਿ ਰਹਿਆ ਭਰਪੂਰਿ ॥੧॥ ਰਹਾਉ ॥
ਆਪੇ ਮਾਛੀ ਮਛੁਲੀ ਆਪੇ ਪਾਣੀ ਜਾਲੁ ॥
ਆਪੇ ਜਾਲ ਮਣਕੜਾ ਆਪੇ ਅੰਦਰਿ ਲਾਲੁ ॥੨॥
ਆਪੇ ਬਹੁ ਬਿਧਿ ਰੰਗੁਲਾ ਸਖੀਏ ਮੇਰਾ ਲਾਲੁ ॥
ਨਿਤ ਰਵੈ ਸੋਹਾਗਣੀ ਦੇਖੁ ਹਮਾਰਾ ਹਾਲੁ ॥੩॥
ਪ੍ਰਣਵੈ ਨਾਨਕੁ ਬੇਨਤੀ ਤੂ ਸਰਵਰੁ ਤੂ ਹੰਸੁ ॥

ਕਉਲੁ ਤੂ ਹੈ ਕਵੀਆ ਤੂ ਹੈ ਆਪੇ ਵੇਖਿ ਵਿਗਸੁ ॥੪॥੨੫॥

(ਸਿਰੀਰਾਗੁ, ਮਃ ੧ - ੨੩)

ਏਸ ਪ੍ਰਕਾਰ ਅਨੰਦ ਭਗਤੀ ਕਰਨ ਵਾਲੇ ਨਿੱਤ ਮੁਕਤਿ ਕਲਪ ਪ੍ਰਯੰਤ ਸੱਚਖੰਡ ਬ੍ਰਹਮ ਲੋਕ ਦੇ ਬਾਂਛਤ ਭੋਗ ਭੋਗ ਕੇ, ਫੇਰ ਬ੍ਰਹਮ ਵਿੱਚ ਅਭੇਦ ਹੋ ਜਾਂਦੇ ਹਨ। ਏਹੋ ਕੈਵਲਜ ਮੁਕਤੀ ਹੈ। ਭਗਤੀ ਵਾਂਗੂੰ ਜੋਗ ਭੀ ਦੋ ਪ੍ਰਕਾਰ ਦਾ ਹੈ। ਇੱਕ ਹਠ ਜੋਗ; ਜੋ ਯਮ, ਨਿਯਮ, ਪ੍ਰਤਜਾਹਾਰ, ਪ੍ਰਾਣਾਯਾਮਾਦਿਕ ਕਰਨੇ ਕਰ ਸਮਾਧਿ ਲਾ ਕੇ ਬੈਠ ਰਹਿਣਾ। ਏਸ ਤਰ੍ਹਾਂ ਜੋਤਿ ਦਾ ਦਰਸ਼ਨ ਤੇ ਅਨਹਦ ਸ਼ਬਦ ਦਸਮ ਦੁਆਰੇ ਵਾਲਾ ਪ੍ਰਤੀਤ ਹੁੰਦਾ ਹੈ। ਉਸ ਰਸ ਵਿੱਚ ਜੋਗੀ ਜਨ ਮਸਤ ਰਹਿੰਦੇ ਹਨ। ਦੂਸਰਾ ਜੋਗ ਹੈ ਜੋ ਸ੍ਵਾਸ ਸ੍ਵਾਸ ਬ੍ਰਿਤੀ ਨੂੰ ਸਤ, ਚਿੱਤ, ਆਨੰਦ ਰੂਪ ਪਰੀਪੂਰਨ ਪ੍ਰਮਾਤਮਾਂ ਵਿੱਚ ਜੋੜ ਰੱਖਣਾ। ਸੋ ਇਨ੍ਹਾਂ ਦੋਹਾਂ ਪ੍ਰਕਾਰਾਂ ਦੇ ਜੋਗ ਵਿੱਚ ਅਣੁਮਾਦਿਕ ਸਿੱਧੀਆਂ ਬਹੁਤ ਫੁਰਦੀਆਂ ਹਨ। ਉਹ ਪਰਮੇਸ਼ਰ ਨੂੰ ਮਿਲਣ ਨਹੀਂ ਦਿੰਦੀਆਂ। ਜੇਕਰ ਜੋਗੀ ਪੁਰਖ ਲੋਕਾਂ ਨੂੰ ਸਿੱਧੀਆਂ ਦਿਖਾਇ ਮਾਨ ਕਰਾਵਣ ਲਗ ਜਾਏ ਤਾਂ ਉਸ ਨੂੰ ਸਲੋਕਾਦਿਕ ਮੁਕਤੀ ਭੀ ਨਹੀਂ ਮਿਲਦੀ। ਜੇ ਸਿੱਧੀਆਂ ਨੂੰ ਜਿੱਤ ਗਏ ਤਾਂ ਕਲਪ ਪ੍ਰਯੰਤ ਦੇ ਸੁਖ ਭੋਗ ਕੇ ਫੇਰ ਬ੍ਰਹਮ ਵਿੱਚ ਅਭੇਦ ਹੁੰਦਾ ਹੈ। ਓਤਨਾ ਚਿਰ ਤਿੰਨ ਪ੍ਰਕਾਰ ਦੇ ਦੁਖਾਂ; ਜੋ ਅਤਿ ਸਹਿਤਾ, ਸਭੈਤਾ, ਖੀਣਤਾ ਕਰ ਹੁੰਦੇ ਹਨ; ਅਨਭਵ ਕਰਦਾ ਹੈ। ਬਾਕੀ ਜੋ ਗਿਆਨ ਹੈ, ਸੋ ਇੱਕ ਹੀ ਤਰ੍ਹਾਂ ਦਾ ਹੈ। ਅਰਥਾਤ ਗਿਆਨ ਨਾਮ ਹੈ ਜਾਣ ਲੈਣ ਦਾ। ਸੋ ਆਪਣੇ ਆਤਮਾ ਨੂੰ ਬ੍ਰਹਮ ਰੂਪ ਕਰ ਕੇ ਸਾਖਜਾਤ ਹਸਤਾਮਲ ਜਾਨਣਾ, ਏਹ ਬ੍ਰਹਮ ਗਿਆਨ ਹੈ। ਏਸ ਗਿਆਨ ਅਗਨੀ ਕਰ ਕੇ ਸੰਚਿਤ, ਕਿਰੇਮਾਣ ਕਰਮ ਤੇ ਸੂਖਮ, ਸਥੂਲ, ਕਾਰਣ, ਸੰਘਾਤ ਅਵਿਦਜਾ ਸਹਿਤ ਸੰਸਾਰ ਦੀ ਨਿਵਿਰਤੀ ਹੋ ਜਾਂਦੀ ਹੈ, ਜਿਸ ਤੋਂ ਪ੍ਰਮਾਨੰਦ ਦੀ ਪ੍ਰਾਪਤੀ ਕੈਵਲਜ ਮੁਕਤੀ ਪ੍ਰਾਪਤ ਹੋ ਜਾਂਦੀ ਹੈ। ਯਥਾ ਮਹਾਰਾਜ ਜੀ ਦਾ ਵਾਕਜ ਹੈ:

ਸੂਰਜ ਕਿਰਣਿ ਮਿਲੇ ਜਲ ਕਾ ਜਲੁ ਹੂਆ ਰਾਮ ॥
ਜੋਤੀ ਜੋਤਿ ਰਲੀ ਸੰਪੂਰਨੁ ਥੀਆ ਰਾਮ ॥

(ਬਿਲਾਵਲੁ, ਮਃ ੫ - ੮੪੬)

ਪਰ ਏਸ ਬ੍ਰਹਮਗਜਾਨ ਦੀ ਪ੍ਰਾਪਤੀ {ਚਤੁਸ਼ਟੇ ਸਾਧਨ} ਵੈਰਾਗ, ਵਿਵੇਕ, ਖਟਸੰਪਤੀ, ਮਮੁਖਜਤਾ ਏਹ ਚਾਰ ਸਾਧਨ ਬਹਰੰਗ; ਤੇ ਸ੍ਰਵਣ, ਮੰਨਣ, ਨਿਧਜਾਸਨ, ਸਾਖਜਾਤ; ਏਹ ਚਾਰ ਅੰਤ੍ਰੰਗ ਸਾਧਨਾਂ ਕਰ ਕੇ ਹੁੰਦੀ ਹੈ। ਵੈਰਾਗ ਨਾਮ ਤਿਆਗ ਦਾ ਹੈ। ਸੋ ਤਨ ਮਨ ਕਰ ਕੇ ਦੋ ਪ੍ਰਕਾਰ ਦਾ ਹੈ। ਇੱਕ ਤਨ ਸੰਬੰਧੀ ਜੋ ਚਾਰੇ ਪਦਾਰਥਾਂ ਨੂੰ ਤਿਆਗ ਕਰ ਵਿਕਰਤ ਨਿਰਦੁੰਦ ਰਹਿਣਾ। ਦੂਸਰਾ ਮਾਨਸੀ ਜੋ ਸਾਰੇ ਪਦਾਰਥ ਈਸ਼੍ਵਰ ਦੇ ਸਮਝ ਕੇ ਆਪਣਾ ਸ੍ਵਤ ਛੱਡ ਰੱਖਣਾ ਤੇ ਦਾਈ ਵਾਂਗੂੰ ਪਰਾਏ ਪੁੱਤ੍ਰ ਨੂੰ ਪਾਲਣ ਦੀ ਤਰ੍ਹਾਂ ਸੰਸਾਰ ਵਿਖੇ ਵਰਤਣਾ। ਸੱਤਜ ਤੇ ਅਸੱਤਜ ਨੂੰ ਭਿੰਨ ਭਿੰਨ ਜਾਣ ਕੇ ਸੱਤ ਦਾ ਗ੍ਰਹਿਣ ਅਸੱਤ ਦਾ ਤਿਆਗ ਕਰੇ, ਏਸ ਦਾ ਨਾਮ ਬਿਬੇਕ ਹੈ। ਇੰਦ੍ਰੀਆਂ ਤੇ ਮਨ ਨੂੰ ਵਿਸ਼ੇ ਵਿਕਾਰਾਂ ਵਲੋਂ ਰੋਕਣਾ, ਸੀਤ, ਆਤਮਾ, ਦੁੱਖ, ਭੁੱਖ, ਬੋਲ, ਕਬੋਲ ਸਹਾਰਨੇ, ਕੁਸੰਗ ਤੋਂ ਉੱਪਰਾਮ ਹੋਣਾ, ਗੁਰੂ, ਬੇਦ, ਸ਼ਾਸਤ੍ਰ ਦੇ ਬਚਨਾਂ ਪਰ ਸਰਧਾ ਯੁਕਤ ਚਲਣਾ ਏਹ 'ਖਟਸੰਪਤੀ' ਹੈ। ਅਤਜੰਤ ਸ਼ੀਘਰ ਜਗਤ ਜੰਜਾਲ ਤੋਂ ਛੁੱਟਣ ਦੀ ਇੱਛਿਆ ਤੇ ਹਿੰਮਤ ਕਰਨੀ ਏਹ 'ਮਮੁਖੱਜਤਾ' ਹੈ। ਪ੍ਰਤੱਖ ਦੇਹਧਾਰੀ ਬ੍ਰਹਮ ਗਜਾਨੀ ਗੁਰੂ ਦੇ ਬਚਨ ਦ੍ਰਿੜ੍ਹ ਵਿਸ਼ਵਾਸ ਕਰ ਕੇ ਸੁਣਨੇ ਏਹ 'ਸ਼੍ਰਵਣ' ਹੈ। ਜੋ ਸ਼੍ਰਵਣ ਕਰਨਾ ਓਸ ਉੱਪਰ ਚਲਨਾ ਤੇ ਅਮਲ ਕਰਨਾ ਏਹ 'ਮਨਨ' ਹੈ। ਸਜਾਤੀ ਪ੍ਰਤੇ ਪ੍ਰਵਾਹ, ਵਿਜਾਤੀ ਪ੍ਰਤੇ ਤ੍ਰਿਸਕਾਰ, ਅਰਥਾਤ ਹਰਦਮ ਬ੍ਰਹਮਗਜਾਨ ਦਾ ਚਰਚਾ ਅਭਜਾਸ ਕਰਨਾ: 'ਜਾ ਬੋਲੇ ਤਾਂ ਬ੍ਰਹਮ ਗਜਾਨ। ਅਹਿਨਿਸ ਜਾਗੈ ਰਹੈ ਧਿਆਨ।' ਏਸ ਦਾ ਨਾਮ 'ਨਿਧਜਾਸਨ' ਹੈ। ਆਤਮਾ ਸਮੇਤ ਸਾਰੇ ਚਰਾਚਰ ਨੂੰ ਬ੍ਰਹਮ ਦੇਖਣਾ:

ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ ॥
ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ ॥

ਆਪਿ ਕਰਤਾ ਆਪਿ ਭੁਗਤਾ ਆਪਿ ਕਾਰਣੁ ਕੀਆ ॥
ਬਿਨਵੰਤਿ ਨਾਨਕ ਸੇਈ ਜਾਣਹਿ ਜਿਨ੍ਹੀ ਹਰਿ ਰਸੁ ਪੀਆ ॥੪॥੨॥
(ਬਿਲਾਵਲੁ, ਮਃ ੫ - ੮੪੬)

ਏਹ 'ਸਾਖਯਾਤ' ਗਿਆਨ ਹੈ। ਭਾਵੇਂ ਗਯਾਨ, ਜੋਗ ਭਗਤੀ ਸੰਛੇਪ ਕਰ ਕੇ ਤਿਹਾਂ ਦੇ ਸਰੂਪ ਦਿਖਾਏ ਗਏ ਹਨ, ਪਰੰਤੂ ਗੁਰੂ ਨਾਨਕ ਸਾਹਿਬ ਜੀ ਦੇ ਮਤ ਵਿੱਚ ਅਨੰਨ ਭਗਤੀ, ਸਹਿਜ, ਵੈਰਾਗ ਗਯਾਨ ਜੋਗ ਹੀ ਪਰਮਾਣ ਹੈ। ਅਰਥਾਤ ਵਰਤਣ ਭਗਤੀ, ਮੁਖ੍ਯ ਵੈਰਾਗ, ਤੇ ਧਾਰਣ ਗਿਆਨ ਏਹੋ ਰੀਤਿ ਹੈ।"

ਏਹ ਉਪਦੇਸ਼ ਤੇ ਵੀਚਾਰ ਓਨ੍ਹਾਂ ਤਿਹਾਂ ਸਿੱਖਾਂ ਦੁਆਰਾ ਸਾਰੀ ਸੰਗਤ ਨੇ ਸੁਣ ਕੇ ਓਹੋ ਮਤ ਦ੍ਰਿੜ੍ਹ ਧਾਰਨ ਕਰ ਲਿਆ ਜੋ ਹੁਣ ਤੱਕ ਗੁਰੂ ਜੀ ਦੇ ਸਿੱਖਾਂ ਵਿੱਚ ਪ੍ਰਚਲਤ ਹੈ। ਇਸੇ ਪ੍ਰਕਾਰ ਹਰ ਵੇਲੇ ਗੁਰੂ ਅੰਗਦ ਜੀ ਦੇ ਪਾਸ ਸਤਸੰਗ ਦਾ ਪਰਚਾ ਲੰਗਰ ਦਾ ਖ਼ਰਚਾ ਤੇ ਹਰਿ ਚਰਚਾ ਬਣੇ ਰਹਿੰਦੇ।

ਸ੍ਰੀ ਮਾਤਾ ਖੀਵੀ ਜੀ {ਮਾਤਾ ਖੀਵੀ ਪ੍ਰਲੋਕ ਗਮਨ} (ਗੁਰੂ ਕੇ ਮਹਿਲ) ਆਪ ਲੰਗਰ ਵਿੱਚ ਬੈਠ ਕੇ ਕੜਾਹ ਪ੍ਰਸ਼ਾਦ ਤੇ ਖੀਰ ਵਰਤਾਯਾ ਕਰਦੀ ਤੇ ਸੇਵਾ ਲੰਗਰ ਦੀ ਬਹੁਤ ਕਰਿਆ ਕਰਦੀ। ਏਹ ਸੰਮਤ ੧੬੩੯ ਬਿਕ੍ਰਮੀ ਨੂੰ ਦੇਹ ਤਿਆਗ ਗਈ।

ਭਾਈ ਕਿਦਾਰਾ ਤੇ ਜੋਧਾ ਏਹ ਦੋਵੇਂ ਮੁਖੀਏ ਲਾਂਗਰੀ ਸੇ। ਐਸੀ ਸਾਫ਼ ਨੀਤਿ ਤੇ ਉਦਾਰਤਾ ਨਾਲ ਪ੍ਰਸ਼ਾਦ ਵਰਤਾਉਂਦੇ, ਜੋ ਕਦੇ ਕੋਈ ਚੀਜ਼ ਨਹੀਂ ਘਟਦੀ ਸੀ। ਭਾਈ ਮੱਲੂ ਸ਼ਾਹ ਖ਼ਜ਼ਾਨਚੀ, ਬਾਬਾ ਬੁੱਢਾ, ਖੇਮਾ, ਧੀਰੂ, ਸਾਧਾਰਣ, ਲਾਲੋ ਆਦਿਕ ਭਾਵੇਂ ਅਨੰਤ ਸਿੱਖ ਸੇਵਾ ਭਗਤੀ ਕਰਨ ਵਿੱਚ ਗੁਰੂ ਜੀ ਪਾਸ ਤਤਪਰ ਰਹਿੰਦੇ ਸੇ। ਪਰੰਤੂ ਅਮਰਦਾਸ ਜੀ ਨੂੰ (ਜਿਨ੍ਹਾਂ ਦੀ ਸੇਵਾ ਭਗਤੀ ਦਾ ਬਰਨਨ ਓਨ੍ਹਾਂ ਦੇ ਜੀਵਨ ਚਰਿੱਤ੍ਰ ਵਿੱਚ ਹੋਵੇਗਾ) ਸਭ ਤੋਂ ਅਧਕ ਸਮਰੱਥ ਏਸ ਗੁਰਿਆਈ ਦੇ ਭਾਰ ਨੂੰ ਨਿਬਾਹੁਣ ਵਾਲੇ ਦੇਖ ਕੇ ਗੁਰੂ ਅੰਗਦ ਜੀ ਨੇ ਸੰਗਤ ਅਤੇ ਪੁੱਤ੍ਰਾਂ ਦੇ ਰੋਬਰੂ ਬਸੰਤ ਪੰਚਮੀ ਸੰਮਤ ੧੬੦੯ ਬਿਕ੍ਰਮੀ ਨੂੰ ਸਵਾ ਸੌ ਰੁਪਏ ਦਾ ਕੜਾਹ ਪ੍ਰਸ਼ਾਦ ਕਰਾ ਕੇ, ਅਮਰਦਾਸ ਜੀ ਨੂੰ ਆਪਣੀ ਗੁਰਿਆਈ ਦੀ ਗੱਦੀ ਉੱਪਰ ਬੈਠਾ ਕੇ, ਪੰਜ ਪੈਸੇ ਇੱਕ ਨਾਲੀਏਰ ਅੱਗੇ ਧਰ ਤਿੰਨ ਪ੍ਰਕਰਮਾਂ ਕਰ ਕੇ ਮੱਥਾ ਟੇਕ ਦਿੱਤਾ ਅਤੇ ਹੋਰ ਸਭ ਸਿੱਖਾਂ ਪੁਤ੍ਰਾਂ ਪਾਸੋਂ ਟਿਕਾ ਕੇ ਗੁਰੂ ਥਾਪ ਦਿੱਤਾ। ਦੋ ਮਹੀਨੇ ਪਿੱਛੋਂ {ਪਾ: ੨ ਜੋਤੀ ਜੋਤਿ ਸਮਾਏ} ਚੇਤ ਸੁਦੀ ਤੀਜ ਨੂੰ ਵਡਾ ਭਾਰੀ ਜੱਗਯ ਕਰਾਇਆ। ਸਰਬ ਪ੍ਰਕਾਰ ਦੇ ਭੋਜਨ, ਬਸਤ੍ਰ ਗ਼੍ਰੀਬਾਂ, ਅਨਾਥਾਂ ਤੇ ਅਧਿਕਾਰੀ ਸਾਧੂਆਂ ਨੂੰ ਦੇ ਕੇ ਚੌਥ ਨੂੰ ਅੰਮ੍ਰਿਤ ਵੇਲੇ ਇਸ਼ਨਾਨ ਕਰ ਨਵੀਨ ਪੁਸ਼ਾਕੀ ਪਹਿਨ ਪਦਮ ਆਸਨ ਕਰ ਕੇ ਬ੍ਰਹਮ ਰੰਧਰ ਨੂੰ ਫੋੜ ਕੇ ਸੱਚਖੰਡ ਵਿੱਚ ਪ੍ਰਵੇਸ਼ ਕਰ ਗਏ।

ਏਹਨਾਂ ਨੇ ਆਪਣਾ ਦੇਹਰਾ ਪਹਿਲੇ ਹੀ ਬਣਾ ਲਿਆ ਸੀ। ਏਥੇ ਹੁਣ ਹਰ ਸਾਲ ਜਗਯ ਤੇ ਮੇਲਾ ਭਰਦਾ ਹੈ। ਸਿੱਖਾਂ ਦੇ ਰਾਜ ਸਮੇਂ ਏਸ ਨਾਲ ਬਹੁਤ ਜਾਗੀਰ ਸੀ। ਹੁਣ ਭੀ ਦੋ ਹਜ਼ਾਰ ਦੇ ਲਗਪਗ ਹੈ।

ਏਹ ਗੁਰੂ ਸਾਹਿਬ ਵੈਸਾਖ ਸੁਦੀ ੧ ਸੰਮਤ ੧੫੬੧ ਬਿਕ੍ਰਮੀ ਨੂੰ ਨਾਂਗੇ ਦੀ ਸਰਾਏ (ਮੁਕਤਸਰ) ਵਿੱਚ ਪ੍ਰਗਟੇ। ੩੫ ਬਰਸ ਦੋ ਮਹੀਨੇ ੯ ਦਿਨ ਦੀ ਉਮਰ ਵਿੱਚ ਗੱਦੀ ਬੈਠੇ। ੧੨ ਬਰਸ ੯ ਮਹੀਨੇ ੬ ਦਿਨ ਗੁਰਿਆਈ ਕਰ, ੪੭ ਬਰਸ ੧੧ ਮਹੀਨੇ ੩ ਦਿਨ ਕੁਲ ਉਮਰ ਭੋਗ ਕੇ, ਚੇਤ ਸੁਦੀ ਚੌਥ ਬੁੱਧ ਵਾਰ ਸੰਮਤ ੧੬੦੯ ਬਿਕ੍ਰਮੀ ਨੂੰ ਚਾਰ ਘੜੀ ਦਿਨ ਚੜ੍ਹੇ ਖਡੂਰ ਸਾਹਿਬ ਵਿਖੇ ਜੋਤੀ ਜੋਤ ਸਮਾਏ।

# (ਪਾਃ ੨ - ੮)

## ਸ੍ਰੀ ਗੁਰੂ ਅਮਰਦਾਸ ਸਾਹਿਬ ਜੀ

ਏਹ ਸ੍ਰੀ ਗੁਰੂ ਸਾਹਿਬ ਸੂਰਜ ਬੰਸੀ ਰਾਮਚੰਦ੍ਰ ਜੀ ਦੇ ਭਰਾ ਭਰਥ ਜੀ ਦੇ ਬੰਸ ਵਿੱਚੋਂ ਤੇਜ ਭਾਨ ਭੱਲੇ ਖੱਤ੍ਰੀ ਦੇ ਘਰ {ਪਾ: ੩ ਅਵਤਾਰ} ੨੭ ਵੈਸਾਖ ਸੁਦੀ ੧੧ ਸੰਮਤ ੧੫੩੬ ਬਿਕ੍ਰਮੀ ਤੇ ੧੪੭੪ ਈਸਵੀ ਨੂੰ ਸ਼ੁੱਕਰਵਾਰ ਪਹਿਰ ਰਾਤ ਰਹੀ ਕ੍ਰਿਤਕਾ ਨਛੱਤ੍ਰ ਪਿੰਡ ਬਾਸਰਕੇ ਪਰਗਣੇ ਅੰਮ੍ਰਿਤਸਰ ਵਿਖੇ ਮਾਈ ਲੱਖਮੀ ਤਥਾ ਲੱਖੋ ਤੋਂ ਪ੍ਰਗਟ ਹੋਏ। ੧੧ ਮਾਘ ਸੰਮਤ ੧੫੯੮ ਬਿਕ੍ਰਮੀ ਨੂੰ ਸਣਖੱਤ੍ਰੇ ਪਿੰਡ ਦੇਵੀ ਚੰਦ ਬਹਿਲ ਖਤ੍ਰੀ ਦੀ ਬੇਟੀ {ਮਹਿਲ ਮਨਸਾ ਦੇਈ ਜੀ ਪਹਿਲਾ ਨਾਂ ਰਾਮ ਕੌਰ} ਰਾਮ ਕੌਰ ਨਾਲ ਬਿਆਹੇ ਗਏ, ਜਿਨ੍ਹਾਂ ਦਾ ਸਹੁਰਾ ਨਾਮ ਮਨਸਾ ਦੇਈ ਰੱਖਿਆ। ਏਨ੍ਹਾਂ ਦੀ ਕੁੱਖੋਂ {ਪਾ:੩ ਸੰਤਾਨ} ੪ ਜੇਠ ਸੰਮਤ ੧੫੯੦ ਬਿਕ੍ਰਮੀ ਭਾਨੀ ਜੀ, ੫ ਫੱਗਣ ਸੰਮਤ ੧੫੯੫ ਬਿਕ੍ਰਮੀ ਨੂੰ ਮੋਹਣ ਜੀ, ਪੰਜ ਸੌਣ ਸੰਮਤ ੧੫੯੮ ਬਿਕ੍ਰਮੀ ਨੂੰ ਮੋਹਰ ਜੀ, ੭ ਚੇਤ ਸੰਮਤ ੧੬੦੧ ਬਿਕ੍ਰਮੀ ਨੂੰ ਨਿਧਾਨੀ ਜੀ ਏਹ ਚਾਰ ਜੀਉ ਪੈਦਾ ਹੋਏ।

ਗੁਰੂ ਅਮਰਦਾਸ ਜੀ ਪਹਿਲੇ ਦਿਨੋਂ ਹੀ ਜਤੀ ਸਤੀ ਸੇ, {ਪਾ: ੩ ਪਹਿਲਾ ਜੀਵਨ} ਅਤੇ ਸੀਲ ਸੁਭਾਵ, ਭਗਤੀ ਭਾਵ ਸੰਤ ਸੇਵਾ ਵਿੱਚ ਬਹੁਤ ਪ੍ਰੀਤ ਰੱਖਦੇ ਸੇ। ਦੂਜੇ ਤਿੰਨ ਭਰਾ ਏਨ੍ਹਾਂ ਦੇ ਖੇਤੀ ਅਤੇ ਹੱਟੀ ਕਰਦੇ ਸੇ। ਏਹ ਇੱਕ ਘੋੜੇ ਉੱਤੇ ਲੂਣ ਮਿਰਚ ਆਦਿਕ ਲੱਦ ਕੇ ਪਿੰਡਾਂ ਵਿੱਚ ਫਿਰ ਕੇ ਵੇਚਿਆ ਕਰਦੇ ਸੇ ਅਤੇ ਭਜਨ ਅਜੇਹੇ ਪ੍ਰੇਮ ਰਸ ਦੇ ਭਰੇ ਹੋਏ ਗਾਉਂਦੇ ਫਿਰਦੇ ਕਿ ਜਿਨ੍ਹਾਂ ਨੂੰ ਸੁਣ ਕੇ ਸਭ ਲੋਗ ਏਨ੍ਹਾਂ ਨੂੰ 'ਭਗਤ' 'ਭਗਤ ਜੀ' ਕਹਿੰਦੇ। ਏਨ੍ਹਾਂ ਦੇ ਜਪ ਤਪ ਦਾਨ ਪੁੰਨ ਕਰਨ ਦਾ ਏਹੋ ਨਮੂਨਾ ਬਹੁਤ ਹੈ ਜੋ ੨੧ ਵਾਰੀ ਪੈਰੀਂ ਚੱਲ ਕੇ ਹਰਿਦੁਆਰ ਗੰਗਾ ਜੀ ਇਸ਼ਨਾਨ ਕੀਤੇ। ਅਨੇਕ ਮਾਘ ਮਹੀਨੇ ਰਿਖੀ ਕੇਸ਼, ਤਪੋ ਬਨ, ਜਾ ਕੇ ਕਲਪਵਾਸ ਤੇ ਸਤਸੰਗ ਕਰਦੇ ਰਹੇ ਅਤੇ (ਹਰੇ ਰਾਮ ਹਰੇ ਰਾਮ, ਰਾਮ ਰਾਮ ਹਰੇ। ਹਰੇ ਹਰੇ ਕ੍ਰਿਸ਼ਨ ਹਰੇ ਕ੍ਰਿਸ਼ਨ, ਕ੍ਰਿਸ਼ਨ ਕ੍ਰਿਸ਼ਨ ਹਰੇ ਹਰੇ) ਏਸ ਮੰਤ੍ਰ ਦਾ ਜਾਪ ਇੱਕ ਮਾਲਾ ਅਠੋਤ੍ਰੀ ਹਰ ਰੋਜ਼ ਫੇਰਦੇ ਹੁੰਦੇ। ਜਦ ਵੀਹਵੀਂ ਵਾਰੀ ਗੰਗਾ ਇਸ਼ਨਾਨ ਕਰ ਮੁੜ ਪਰਗਣੇ ਮੁਲਾਣੇ ਮੇਹੜੇ {ਪੰਡਿਤ ਦੁਰਗਾ ਦੱਤ ਦੀ ਭਵਿੱਖ ਬਾਣੀ} ਪਿੰਡ ਦੇ ਬਾਗ਼ ਵਿੱਚ ਬਿਰਾਜੇ ਹੋਏ ਸੇ ਤਾਂ ਇੱਕ ਦੁਰਗਾ ਦੱਤ ਪੰਡਿਤ ਸਮੁੰਦ੍ਰੀਕ ਕੇਵਲ ਵਿੱਦਯਾ ਦੇ ਗਿਆਤਾ ਨੇ ਏਨ੍ਹਾਂ ਦੇ ਚਰਨ ਵਿੱਚ ਪਦਮ ਦਾ ਚਿੰਨ੍ਹ ਦੇਖ ਕੇ ਆਖਿਆ, "ਤੁਸੀਂ ਵੱਡੇ ਪੂਜ ਮਾਨਨੀਕ ਪੁਰਖ ਹੋ ਕੇ ਪਾਤਸ਼ਾਹ ਸਦਾਓਗੇ। ਸੀਸ ਪਰ ਚੌਰ ਝੁਲੇਗਾ। ਰਾਜਾ ਪਰਜਾ ਤੁਹਾਨੂੰ ਨਜ਼ਰ ਭੇਟਾ ਦੇ ਕੇ ਮਿਲਿਆ ਕਰਨਗੇ।" ਏਹ ਸੁਣ ਕੇ ਗੁਰੂ ਅਮਰਦਾਸ ਜੀ ਬੋਲੇ, "ਜੋ ਕਰਤਾਰ ਦੀ ਰਜ਼ਾ।" ਜਦ ਓਸ ਪੰਡਿਤ ਨੂੰ ਚਾਰ ਆਨੇ ਦੀ ਮਿਠਾਈ ਦੇਣ ਲੱਗੇ ਤਾਂ ਓਸ ਨੇ ਸਹਿਜ ਸੁਭਾਵਕ ਪੁਛਿਆ, "ਆਪ ਦਾ ਗੁਰੂ ਕੌਣ ਹੈ?" ਏਨ੍ਹਾਂ ਆਖਿਆ, "ਗੁਰੂ ਤਾਂ ਅਜੇ ਕੋਈ ਨਹੀਂ ਲਭਾ, ਟੋਲ ਰਹੇ ਹਾਂ।" ਪੰਡਤ ਨੇ ਆਖਯਾ, "ਨਿਗੁਰੇ ਦੇ ਹੱਥੋਂ ਮੈਂ ਕਦੇ ਕੁਛ ਨਹੀਂ ਲੀਤਾ, ਕਿਉਂਕਿ ਨਿਗੁਰੇ ਦਾ ਦਰਸ਼ਨ ਕਰਨਾ ਭੀ ਸ਼ਾਸਤ੍ਰ ਵਿੱਚ ਦੋਸ਼ ਲਿਖਿਆ ਹੈ। ਸੋ, ਜਦੋਂ ਗੁਰੂ ਧਾਰੋਗੇ ਤਦ ਕੁਛ ਲਵਾਂਗਾ।"

## (ਪਾਃ ੨ - ੯)

## ਗੁਰੂ ਮਿਲਾਪ ਦਾ ਕਾਰਣ

ਗੁਰੂ ਅਮਰਦਾਸ ਜੀ ਨੂੰ ਤਾਂ ਓਸੇ ਦਿਨ ਤੋਂ ਅਜੇਹੀ ਚਟਪਟੀ ਲੱਗੀ ਜੋ ਰਾਤ ਦਿਨੇ ਸਤਿਗੁਰੂ ਦੀ ਖੋਜ ਵਿੱਚ ਲੱਗੇ ਫਿਰਨ। ਅਨੇਕ ਸਾਧੂ ਪੰਡਤ ਦੇਖੇ ਪਰ ਦਿਲ ਕਿਸੇ ਥਾਂ ਨਾ ਪਤੀਜਿਆ ਤੇ ਐਡਾ ਤੀਬਰ ਵੈਰਾਗ ਹੋਯਾ ਜੋ ਕੋਈ ਕੰਮ ਯਾ ਸੰਬੰਧੀ ਅੱਛਾ ਨਾ ਲੱਗੇ ਤੇ ਨੇਤ੍ਰਾਂ ਤੋਂ ਜਲ ਚਲਿਆ ਆਵੇ।

ਗੁਰੂ ਅੰਗਦ ਜੀ ਦੀ ਬੇਟੀ {ਬੀਬੀ ਅਮਰੋ ਜੀ} ਬੀਬੀ ਅਮਰੋ ਏਨ੍ਹਾਂ ਦੇ ਭਤੀਜੇ ਦੇ ਘਰ ਵਿਆਹੀ ਹੋਈ ਸੀ। ਓਹ ਅੰਮ੍ਰਿਤ ਵੇਲੇ ਰੋਜ਼ ਆਸਾ ਦੀ ਵਾਰ ਤੇ ਹੋਰ ਅਨੇਕ ਸ਼ਬਦ ਗੁਰੂ ਨਾਨਕ ਜੀ ਦੇ ਉਚਾਰੇ ਹੋਏ ਪ੍ਰੇਮ ਨਾਲ ਪੜ੍ਹਿਆ ਕਰਦੀ ਸੀ। ਇੱਕ ਦਿਨ ਓਹ ਪ੍ਰੇਮ ਨਾਲ ਏਹ ਸ਼ਬਦ ਪੜ੍ਹ ਰਹੀ ਸੀ:

ਮਾਰੂ ਮਹਲਾ ੧ ਘਰੁ ੧ ॥
ਕਰਣੀ ਕਾਗਦੁ ਮਨੁ ਮਸਵਾਣੀ ਬੁਰਾ ਭਲਾ ਦੁਇ ਲੇਖ ਪਏ ॥
ਜਿਉ ਜਿਉ ਕਿਰਤੁ ਚਲਾਏ ਤਿਉ ਚਲੀਐ ਤਉ ਗੁਣ ਨਾਹੀ ਅੰਤੁ ਹਰੇ ॥੧॥
ਚਿਤ ਚੇਤਸਿ ਕੀ ਨਹੀ ਬਾਵਰਿਆ ॥
ਹਰਿ ਬਿਸਰਤ ਤੇਰੇ ਗੁਣ ਗਲਿਆ ॥੧॥ ਰਹਾਉ ॥
ਜਾਲੀ ਰੈਨਿ ਜਾਲੁ ਦਿਨੁ ਹੂਆ ਜੇਤੀ ਘੜੀ ਫਾਹੀ ਤੇਤੀ ॥
ਰਸਿ ਰਸਿ ਚੋਗ ਚੁਗਹਿ ਨਿਤ ਫਾਸਹਿ ਛੂਟਸਿ ਮੂੜੇ ਕਵਨ ਗੁਣੀ ॥੨॥
ਕਾਇਆ ਆਰਣੁ ਮਨੁ ਵਿਚਿ ਲੋਹਾ ਪੰਚ ਅਗਨਿ ਤਿਤੁ ਲਾਗਿ ਰਹੀ ॥
ਕੋਇਲੇ ਪਾਪ ਪੜੇ ਤਿਸੁ ਊਪਰਿ ਮਨੁ ਜਲਿਆ ਸੰਨ੍ਹੀ ਚਿੰਤ ਭਈ ॥੩॥
ਭਇਆ ਮਨੂਰੁ ਕੰਚਨੁ ਫਿਰਿ ਹੋਵੈ ਜੇ ਗੁਰੁ ਮਿਲੈ ਤਿਨੇਹਾ ॥
ਏਕੁ ਨਾਮੁ ਅੰਮ੍ਰਿਤੁ ਓਹੁ ਦੇਵੈ ਤਉ ਨਾਨਕ ਤ੍ਰਿਸਟਸਿ ਦੇਹਾ ॥੪॥੩॥

(ਮਾਰੂ, ਮਃ ੧ - ੯੯੦)

ਏਹ ਸ਼ਬਦ ਸੁਣ ਕੇ ਤਾਂ ਕੰਵਲ ਦੀ ਨਾਲ ਵਾਂਗੂੰ ਇੱਕ ਵਾਰੀ ਅਤੇਜੰਤ ਪ੍ਰੇਮ ਵਧ ਗਿਆ। ਸ਼ਬਦ ਦੀ ਕਾਨੀ ਨੇ ਅਜੇਹਾ ਘਾਇਲ ਕੀਤਾ ਕਿ ਹਰ ਵੇਲੇ ਏਹੋ ਆਖਣ, "ਹੇ ਅੰਤਰਜਾਮੀ! ਏਹ ਜ਼ਖ਼ਮ ਗੁਰ ਉਪਦੇਸ਼ ਦੀ ਮੱਲ੍ਹਮ ਨਾਲ ਕਦੋਂ ਭਰੇਂਗਾ ਤੇ ਮੇਰੇ ਮਨ ਮਨੂਰ ਗੁਰੂ ਪਾਰਸ ਨੂੰ ਪਰਸ ਕੇ ਕਦ ਕੰਚਨ ਹੋਵੇਗਾ?" ਪਲ ਪਲ ਬਰਸ ਦੇ ਸਮਾਨ ਬੀਤਨ ਲੱਗਾ। ਉੱਤਮ ਮਨੁੱਖ ਦੇ ਲੱਖਣ ਪ੍ਰਗਟ ਹੋ ਆਏ। ਦੂਜੇ ਦਿਨ ਅੰਮ੍ਰਿਤ ਵੇਲੇ ਸ਼ਬਦ ਸੁਣਨ ਵਾਸਤੇ ਉੱਠ ਬੈਠੇ। ਜਦ ਆਪਣੇ ਵੇਲੇ ਸਿਰ ਸਹਜ ਭਾਵ ਪ੍ਰੇਮ ਭਰੀ ਰਸੀਲੀ ਬਾਣੀ ਗੁਰੂ ਜੀ ਦੀ ਬੇਟੀ ਬੀਬੀ ਅਮਰੋ ਪੜ੍ਹਨ ਲੱਗੀ, ਤਾਂ ਜਿਉਂ ਜਿਉਂ ਅਮਰਦਾਸ ਜੀ ਸੁਣਨ, ਤਿਉਂ ਤਿਉਂ ਜਿੰਦ ਪੈਂਦੀ ਜਾਏ। ਜਦ ਓਹ ਪੜ੍ਹ ਚੁੱਕੀ ਤਾਂ ਏਨ੍ਹਾਂ ਫੇਰ ਬੀਬੀ ਜੀ ਨੂੰ ਆਖਿਆ, "ਦੇਵੀ! ਇੱਕ ਵਾਰੀ ਏਹੋ ਸ਼ਬਦ ਫੇਰ ਸੁਣਾ।" ਬੀਬੀ ਜੀ ਸ਼ਰਮ ਖਾ ਕੇ ਨੀਵੀਂ ਧੌਣ ਕਰ ਚੁੱਪ ਹੋ ਬੈਠੀ ਪਰ ਓਸ ਦੀ ਸੱਸ ਨੇ ਗੁਰੂ ਅਮਰਦਾਸ ਜੀ ਦਾ ਪਰੇਮ ਦੇਖ ਕੇ ਆਖਿਆ, "ਕੁੜੀਏ! ਪੜ੍ਹਨ ਦੀ ਸ਼ਰਮ ਨਹੀਂ ਕਰੀਦੀ। ਏਹ ਸੁਣਾਉਣਾ ਤਾਂ ਸਗੋਂ ਪੁੰਨਯ ਹੁੰਦਾ ਹੈ। ਸਹੁਰਾ ਤੇ ਬਾਪ ਇਕੋ ਜਿਹੇ ਹੁੰਦੇ ਹਨ। ਭਜਨ ਬੋਲਦਿਆਂ ਕੇਹੀ ਸ਼ਰਮ ਹੈ? ਤੈਂ ਕਦੇ ਮੀਰਾਂਬਾਈ ਦੀ ਕਹਾਣੀ ਨਹੀਂ ਸੁਣੀ? ਜੇਹੜੀ ਠਾਕੁਰ ਦੀ ਮੂਰਤਿ ਅੱਗੇ ਭਜਨ ਗਾਉਂਦੀ ਤੇ ਨ੍ਰਿਤਕਾਰੀ ਕਰਦੀ ਹੋਈ ਆਪਣੇ ਸਾਹੁਰੇ ਪਤਿਆਹੁਰੇ ਤੋਂ ਨਹੀਂ ਸੰਗਦੀ ਸੀ। ਕਬੀਰ ਦੀ ਨੂੰਹ ਆਏ ਗਏ ਸਾਧ ਸਿੱਖ ਨੂੰ ਮੱਥਾ ਨਾ ਟੇਕਦੀ ਤੇ ਨਾ ਹੀ ਕੁਛ ਭਗਤ ਭਜਨ ਕਰਦੀ ਸੀ ਤਾਂ ਕਬੀਰ ਜੀ ਨੇ ਇੱਕ ਸ਼ਬਦ ਵਿੱਚ ਓਸ ਨੂੰ ਅਜੇਹੀ ਸਿੱਖ ਮਤ ਦਿੱਤੀ, ਜਿਸ ਤੋਂ ਓਹ ਭੀ ਨਿਸੰਗ ਭਜਨ ਕਰਨ ਲੱਗੀ। ਸੋ ਮੇਰੀ ਬੀਬੀ ਧੀ! ਮੈਂ ਤੇਰੇ ਤੋ ਵਾਰੀ ਵੰਞਾਂ! ਸ਼ਬਦ ਪੜ੍ਹ ਤੇ ਮੈ ਭੀ ਧਯਾਨ ਦੇ ਕੇ ਸੁਣਦੀ ਹਾਂ।" ਸੱਸ ਦੇ ਆਖੇ ਜਦ ਬੀਬੀ ਅਮਰੋ ਨੇ ਮੁੜ ਓਹੋ ਸ਼ਬਦ ਪੜ੍ਹਿਆ, ਫੇਰ ਤਾਂ ਅਮਰਦਾਸ ਜੀ ਪ੍ਰੀਤ ਨਾਲ ਸੁਣ ਕੇ ਅਜੇਹੇ

ਮੋਹਿਤ ਹੋਏ ਜੋ ਅਮਰੋ ਨੂੰ ਆਖਣ ਲੱਗੇ, "ਬੀਬੀ! ਤੂੰ ਖਡੂਰ ਚੱਲ ਕੇ ਮੈਨੂੰ ਆਪਣੇ ਪਿਤਾ ਦੇ ਦਰਸ਼ਨ ਕਰਾ।"

## (ਪਾ: ੨ - ੧੦)

## ਗੁਰੂ ਅੰਗਦ ਜੀ ਦਾ ਮਿਲਾਪ

ਓੜਕ ਤੀਆਂ ਦੇ ਦਿਨਾਂ ਵਿੱਚ ਸੰਮਤ ੧੫੯੮ ਬਿਕ੍ਰਮੀ ਨੂੰ ਜਦ ਬੀਬੀ ਅਮਰੋ ਖਡੂਰ ਆਈ ਤਾਂ ਅਮਰਦਾਸ ਜੀ ਭੀ ਓਸ ਦੇ ਨਾਲ ਆਏ। ਇਨ੍ਹਾਂ ਨੂੰ ਬੂਹੇ ਅੱਗੇ ਖੜੇ ਕਰ ਕੇ ਬੀਬੀ ਅੰਦਰ ਗਈ ਤਾਂ ਗੁਰੂ ਅੰਗਦ ਜੀ ਬੋਲੇ, “ਬੀਬੀ! ਸਾਥੀ ਨੂੰ ਕਿਉਂ ਪਿੱਛੇ ਛੱਡ ਆਈ ਹੈਂ।” ਗੁਰੂ ਅੰਗਦ ਜੀ ਨੂੰ ਸਰਬੱਗ੍ਯ ਸਮਝ ਕੇ ਅਮਰਦਾਸ ਜੀ ਦੇ ਮਨ ਧੀਰਜ ਆਯਾ। ਅਮਰਦਾਸ ਜੀ ਗੁਰੂ ਅੰਗਦ ਜੀ ਦੇ ਕੁੜਮ ਲੱਗਦੇ ਸੇ। ਏਸ ਲਈ ਅੰਦਰ ਬੁਲਾ ਕੇ ਜਦ ਉੱਠ ਕੇ ਕੁੜਮਾਚਾਰੀ (ਜੋ ਖੱਤ੍ਰੀਆਂ ਦਾ ਰਿਵਾਜ ਹੈ) ਗਲ ਮਿਲਣ ਲੱਗੇ ਤਾਂ ਅਮਰਦਾਸ ਜੀ ਨੇ ਗੁਰੂ ਜੀ ਦੇ ਚਰਨ ਫੜ ਲਏ ਅਤੇ ਆਖਿਓ ਨੇ, “ਮੈਨੂੰ ਕੁੜਮ ਨਾ ਸਮਝੋ ਆਪਣਾ ਟਹਿਲੂਆ ਮੰਨੋਂ।” ਪਰ ਗੁਰੂ ਜੀ ਨੇ ਆਦਰ ਭਾਉ ਨਾਲ ਬੈਠਾ ਕੇ ਸੁੱਖ ਅਨੰਦ ਪੁੱਛੀ ਤਾਂ ਗੁਰੂ ਅਮਰਦਾਸ ਜੀ ਨੂੰ ਓਸੇ ਵੇਲੇ ਏਹ ਤੁਕ ਫੁਰ ਆਈ:

ਅਨੰਦੁ ਭਇਆ ਮੇਰੀ ਮਾਏ ਸਤਿਗੁਰੂ ਮੈ ਪਾਇਆ ॥

(ਰਾਮਕਲੀ, ਮਃ ੩ - ੯੧੭)

ਇਕੀ ਵਾਰੀ ਗੰਗਾ ਇਸ਼ਨਾਨ ਕਰਨ ਦਾ ਫ਼ਲ ਅੱਜ ਮੈਨੂੰ ਲੱਭਿਆ ਹੈ। ਗੁਰੂ ਜੀ ਬੋਲੇ, “ਅਮਰਦਾਸ! ਅਪਣੀ ਭਾਵਨਾ ਹੀ ਫਲਦੀ ਹੈ। ਹੋਰ ਪੱਥਰ, ਪਾਣੀ, ਕਾਠ, ਮਿੱਟੀ ਦੀ ਮੂਰਤ ਨਹੀਂ ਫਲਦੀ। ਆਪਣਾ ਮਨ ਹੀ ਦੇਵਤਾ ਹੈ। ਏਤਨੇ ਚਿਰ ਨੂੰ ਕੀਰਤਨ ਕਥਾ ਦਾ ਭੋਗ ਪਿਆ, ਕੜਾਹ ਪ੍ਰਸ਼ਾਦ ਵਰਤਿਆ, ਲਾਂਗਰੀਆਂ ਨੇ ਅਰਦਾਸ ਕੀਤੀ ਸੱਚੇ ਪਾਤਸ਼ਾਹ ਲੰਗਰ ਤਿਆਰ ਹੈ। ਗੁਰੂ ਜੀ ਅੰਦਰ ਗਏ, ਸੰਗਤ ਦੀ ਪੰਗਤਿ ਹੋਈ। ਇਸ ਮੌਕਜਾ ਪਰ ਸੂਰਜ ਪ੍ਰਕਾਸ਼ ਵਿੱਚ ਇਸ ਤਰ੍ਹਾਂ ਲਿਖਿਆ ਹੈ। ਯਥਾ:

ਪੰਕਤਿ ਬੈਠੀ ਮਿਲਿ ਤਬਹਿ, ਗੁਰ ਬੀਚ ਸੁਹਾਏ।
ਮਿਲਿ ਸੰਗਤਿ ਮਹਿਂ ਅਮਰ ਜੀ, ਬੈਠੇ ਤਿਸ ਥਾਏਂ ॥੨੭॥
ਪਹਿਤ ਭਾਤ[1] ਬਰਤਜੋ ਪ੍ਰਥਮ, ਪੁਨ ਆਮਿਖ[2] ਆਵਾ।
ਇਕ ਦਿਸ਼ ਪੰਕਤਿ ਮਹਿਂ ਦਯੋ, ਤਬ ਇਨ ਦਰਸਾਵਾ[3]।
ਬਹੁ ਗਿਲਾਨ[4] ਠਾਨੀ ਰਿਦੈ, ਇਮਿ ਕਰਤਿ ਬਿਚਾਰਾ।
-ਮੈਂ ਆਮਿਖ ਖਾਯੋ ਨ ਕਬਿ, ਕਰਿ ਅੰਨ[5] ਅਹਾਰਾ ॥੨੮॥
ਪੰਕਤਿ ਮੈਂ ਅਬਿ ਬੈਠਗਾ, ਕਿਮਿ ਹੋਹਿ ਬਚਾਊ।
ਨਹਿਂ ਲੇਵੋਂ ਅਪਮਾਨ ਹੀ, ਕਜੋਂ ਬੈਠਜੋ ਆਊ[6]।
ਆਯੋ ਸਤਿਗੁਰ ਕਰਨ ਕੋ, ਬਿਗਰਹਿ ਇਮਿ ਬਾਤੀ।
ਸਿੱਖਜ ਨ ਕਰਿ ਹੈਂ ਮੋਹਿ ਕੋ, ਮਨ ਹਟਿ ਇਸ ਭਾਂਤੀ[7] ॥੨੯॥
ਅਪਰ ਜਤਨ ਅਬਿ ਕੋ ਨਹੀਂ, ਜੇ ਅੰਤਰਜਾਮੀ।
ਸੂਪਕਾਰ ਕੋ[8] ਬਰਜ ਹੈਂ, ਆਪਹਿ ਗੁਰੁ ਸ੍ਵਾਮੀ।

---

[1]ਦਾਲ ਚਾਵਲ।
[2]ਮਾਸ = ਮਹਾਂ ਪ੍ਰਸ਼ਾਦਿ।
[3]ਭਾਵ ਸ਼੍ਰੀ ਅਮਰ ਜੀ ਨੇ ਦੇਖਿਆ।
[4]ਸੂਗ।
[5](ਤੇ) ਕਰਦਾ ਹਾਂ ਅੰਨ ਦਾ ਅਹਾਰ।
[6]ਨਾ ਲਵਾਂ ਤਾਂ ਅਪਮਾਨ ਹੋਵੇਗਾ, ਮੈਂ ਕਿਉਂ ਆ ਬੈਠਾ (ਪੰਕਤ ਵਿਚ)। (ਅ) ਭਾਵ ਰਸੋਈਏ ਕਹਿਣਗੇ ਕਿ ਜੇ ਇਨ ਲੈਣਾ ਨਹੀਂ ਸੀ ਤਾਂ ਪੰਕਤ ਵਿਚ ਆ ਕਿਉਂ ਬੈਠਾ।
[7]ਇਸ ਤਰ੍ਹਾਂ ਗੁਰੂ ਜੀ ਦਾ ਮਨ ਪਰੇ ਹਟ ਜਾਏਗਾ।
[8]ਰਸੋਈਏ ਨੂੰ।

ਇਕ ਤੋ ਮੇਰੋ ਧਰਮ ਰਹਿ, ਪੁਨ ਹੁਇ ਪਰਤੀਤਾ।
ਜਗ ਤੇ ਕਰਹਿਂ ਉਧਾਰ ਮਮ, ਸਰਬੱਗਜ ਪੁਨੀਤਾ[1]- ॥੩੦॥
ਇਮਿ ਕੀਨੋ ਸੰਕਲਪ ਕੋ, ਸ਼੍ਰੀ ਗੁਰੁ ਨੈ ਜਾਨਾ।
ਸੂਪਕਾਰ ਕੋ ਬਰਜਿਓ, ਮੁਖ ਬਾਕ ਬਖਾਨਾ।
'ਪੰਕਤ ਮਹਿਂ ਜੋ ਨਵੋ ਨਰ, ਤਿਸ ਦੇਹੁ ਅਹਾਰਾ।
ਆਮਿਖ ਨਾਂਹਿ ਪਰੋਸੀਏ, ਤਿਨ ਧਰਮ ਬਿਚਾਰਾ[2]' ॥੩੧॥

(ਗੁ. ਪ੍ਰ. ਸੂ. ਰਾਸਿ ੧ ਅੰਸੂ ੧੫)

ਏਹ ਸੁਣ ਕੇ ਗੁਰੂ ਅਮਰਦਾਸ ਜੀ ਦਾ ਮਨ ਕੋਇਲ ਦੀ ਤਰ੍ਹਾਂ ਖਿੜ ਗਿਆ ਅਤੇ ਜਾਣ ਲਿਆ ਕਿ ਸੱਚੇ ਸਤਿਗੁਰੂ ਹਨ।

ਗੁਰੂ ਅਮਰਦਾਸ ਜੀ ਦੇ ਮਨ ਵਿੱਚ ਧਾਰਿਆ ਕਿ ਜੇਕਰ ਗੁਰੂ ਜੀ ਮੈਨੂੰ ਆਪਣਾ ਸੀਤ ਪ੍ਰਸ਼ਾਦ ਦੇਣ ਤਾਂ ਮੈਂ ਅਨੰਦ ਹੋ ਜਾਵਾਂ। ਸੋ ਗੁਰੂ ਅੰਗਦ ਜੀ ਨੇ ਸਹਿਜ ਸੁਭਾਵ ਪ੍ਰਸ਼ਾਦ ਛਕ ਕੇ ਆਪਣਾ ਜੂਠਾ ਥਾਲ ਅਮਰਦਾਸ ਜੀ ਨੂੰ ਦੇ ਦਿਤਾ, ਜਿਸ ਦੇ ਛਕਦਿਆਂ ਹੀ ਗੁਰੂ ਅਮਰਦਾਸ ਜੀ ਦੇ ਕਪਾਟ ਖੁੱਲ੍ਹ ਗਏ। ਜਾਣੋ ਮੋਹਣੀ ਮੰਤ੍ਰ ਪੈ ਗਿਆ। ਗੁਰੂ ਅੰਗਦ ਜੀ ਨੇ ਏਨ੍ਹਾਂ ਦਾ ਭਰਮ ਉਠਾਉਣ ਵਾਸਤੇ ਗੁਰੂ ਨਾਨਕ ਜੀ ਦਾ ਓਹ ਸ਼ਬਦ ਜੋ ਓਨ੍ਹਾਂ ਕੁਰਖੇਤ੍ਰ ਪਰ ਉਚਾਰਿਆ ਸੀ, ਸੁਣਾ ਕੇ ਨਿਰਸੰਸੇ ਕੀਤਾ।

---

[1]ਭਾਵ ਗੁਰੂ ਅੰਗਦ ਜੀ।

[2](ਉਸ ਨੇ ਮਾਸ ਨਾ ਖਾਣਾਂ) ਧਰਮ ਸਮਝਿਆ ਹੈ।

## (ਪਾ: ੨ - ੧੧)

## ਗੁਰੂ ਅਮਰਦਾਸ ਜੀ ਦੀ ਸੇਵਾ

ਹਮੇਸ਼ਾਂ ਅੱਧੀ ਰਾਤ ਤੋਂ ਜਾਗ ਤਿੰਨ ਕੋਹ ਪੁਰੋਂ ਬਜਾਸ ਨਦੀ ਵਿੱਚੋਂ ਜਲ ਲਿਆਇਆ ਕਰਦੇ। ਪਹਿਲੇ ਗੁਰੂ ਅਮਰਦਾਸ ਜੀ ਨੇ ਬਜਾਸਾ ਵਿੱਚ ਆਪ ਇਸ਼ਨਾਨ ਕਰਨਾ ਤੇ ਫੇਰ ਲੱਕ ਤਾਈਂ ਜਲ ਵਿੱਚ ਜਾ ਕੇ ਗਾਗਰ ਪਾਣੀ ਨਾਲ ਭਰ ਕੇ ਸਿਰ ਉੱਪਰ ਧਰ ਕੇ ਲੈ ਆਉਣੀ। ਬ੍ਰਿਧ ਅਵਸਥਾ ਦੇ ਕਾਰਣ ਲੱਕ ਤਾਈਂ ਜਲ ਵਿੱਚੋਂ ਗਾਗਰ ਭਰ ਕੇ ਸਿਰ ਉੱਪਰ ਧਰਦੇ ਸੇ ਤੇ ਰਸਤੇ ਵਿੱਚ ਸਾਹ ਲੈਣ ਲਈ ਇੱਕ ਬੁਰਜੀ ਬਣਾਈ ਹੋਈ ਸੀ, ਜਿਸ ਪਰ ਗਾਗਰ ਧਰ ਕੇ ਸਾਹ ਲੈਂਦੇ ਤੇ ਫੇਰ ਓਸੇ ਉੱਚੀ ਥਾਉਂ ਤੋਂ ਸੁਖ ਪੂਰਬਕ ਸਿਰ ਪਰ ਧਰ ਕੇ ਲੈ ਆਉਂਦੇ। (ਜੋ ਹੁਣ ਦਮਦਮਾ ਨਾਮ ਕਰ ਕੇ ਮਸ਼ਹੂਰ ਹੈ) ਗੁਰੂ ਅੰਗਦ ਜੀ ਨੂੰ ਇਸ਼ਨਾਨ ਕਰਾ ਕੇ ਅਮਰਦਾਸ ਜੀ ਗੁਰੂ ਮੰਤ੍ਰ ਦਾ ਅਭਜਾਸ ਤੇ ਗੁਰ ਮੂਰਤਿ ਦਾ ਧਿਆਨ ਕਰਦੇ ਰਹਿੰਦੇ। ਦਿਨ ਚੜ੍ਹੇ ਲੰਗਰ ਦੀ ਟਹਿਲ ਕਰਦੇ, ਬਰਤਨ ਮਾਂਜਦੇ, ਝਾੜੂ ਦਿੰਦੇ ਅਰਥਾਤ ਕਿਸੇ ਸਮੇਂ ਵੇਹਲੇ ਨਾ ਬੈਠਦੇ ਅਤੇ ਪ੍ਰਸ਼ਾਦ ਜੈਸਾ ਲੰਗਰ ਦਾ ਮਿਲਦਾ ਓਹੋ ਛਕ ਛਡਦੇ।

## (ਪਾঃ ੨ - ੧੨)

## ਗੋਇੰਦਵਾਲ ਦਾ ਵੱਸਣਾ

ਸੰਮਤ ੧੬੦੩ ਬਿਕ੍ਰਮੀ ਨੂੰ ਇੱਕ ਗੋਂਦੇ ਨਾਮ ਮਰਵਾਹੇ ਖੱਤ੍ਰੀ ਨੇ (ਜੋ ਸ਼ਾਹੀ ਕਾਰਦਾਰ ਸੀ) ਗੁਰੂ ਅੰਗਦ ਜੀ ਦੇ ਪਾਸ ਆ ਕੇ ਬੇਨਤੀ ਕੀਤੀ ਸੀ, "ਜੀ! ਇੱਕ ਥੇਹ ਸਾਡੇ ਵੱਡਿਆਂ ਦਾ ਹੈ। ਮੈਂ ਓਥੇ ਪਿੰਡ ਵਸਾਯਾ ਚਾਹੁੰਦਾ ਹਾਂ ਪਰ ਵੱਸਣਾ ਨਹੀਂ ਮਿਲਦਾ। ਤੁਸੀਂ ਸਹਾਇਤਾ ਕਰੋ, ਤਾਂ ਵੱਸ ਜਾਏ। ਅੱਧਾ ਪਿੰਡ ਤੁਹਾਡਾ ਹੋਯਾ, ਜਿਸ ਨੂੰ ਮਰਜ਼ੀ ਹੋਵੇ ਬਸਾਓ।"

ਗੁਰੂ ਜੀ ਨੇ ਆਪਣੀ ਛਟੀ ਦੇ ਕੇ ਗੁਰੂ ਅਮਰਦਾਸ ਜੀ ਨੂੰ ਗੋਇੰਦੇ ਮੱਲ ਨਾਲ ਭੇਜ ਕੇ ਹੁਕਮ ਦਿੱਤਾ, "ਜਿੱਥੋਂ ਤੱਕ ਇਹ ਸਾਡੀ ਛਟੀ ਅਮਰਦਾਸ ਜੀ ਦੇ ਹੱਥੋਂ ਫਿਰ ਜਾਊ ਓਥੋਂ ਤੱਕ ਪਿੰਡ ਦੀ ਜੂਹ ਵਿੱਚ ਕੋਈ ਵਿਰਧੀ ਨਾ ਰਹੂ।" ਸੋ ਓਹੋ ਹੋਈ। ਜਿੱਥੋਂ ਤੱਕ ਗੁਰੂ ਅਮਰਦਾਸ ਜੀ ਗੁਰੂ ਜੀ ਦੀ ਛਟੀ ਫੇਰ ਆਏ, ਓਥੋਂ ਤੱਕ ਪਿੰਡ ਵੱਸ ਗਿਆ। ਫੇਰ ਗੁਰੂ ਅੰਗਦ ਜੀ ਨੇ ਗੁਰੂ ਅਮਰਦਾਸ ਜੀ ਦੇ ਪੁੱਤ੍ਰ ਮੋਹਣ, ਮੋਹਰੀ ਆਦਿਕ ਹੋਰ ਭਾਈ ਭਤੀਜੇ ਭੀ ਬਾਸਰਕੇ ਪਿੰਡ ਤੋਂ ਬੁਲਾ ਕੇ ਓਥੇ ਵਸਾ ਦਿੱਤੇ।

ਜਦ ਗੁਰੂ ਨਾਨਕ ਜੀ ਨੇ ਗੁਰੂ ਅੰਗਦ ਜੀ ਨੂੰ ਗੁਰਿਆਈ ਦਿੱਤੀ ਸੀ ਤਦੋਂ ਸਿਰੀ ਚੰਦ ਨੇ ਕ੍ਰੋਧ ਕਰ ਕੇ ਏਹ ਸਰਾਪ ਦਿੱਤਾ ਸੀ ਕਿ ਦੇਖ ਭਾਈ ਕੋਹੜੀ ਕਿਰਾੜ ਸਾਡੀ ਗੁਰਿਆਈ ਲੈ ਗਿਆ। ਭਾਵੇਂ ਇਹ ਸਰਾਪ ਸ੍ਰੀ ਚੰਦ ਜੀ ਨੇ ਬੇਸਮਝੀ ਨਾਲ ਅਜੋਗ ਹੀ ਦਿੱਤਾ ਸੀ, ਪਰ ਗੁਰੂ ਅੰਗਦ ਜੀ ਨੇ ਆਪਣੇ ਗੁਰੂ ਦੇ ਪੁੱਤ੍ਰ ਦਾ ਬਚਨ ਸਫ਼ਲਾ ਕਰਨ ਲਈ ਆਪਣੇ ਚਰਨ ਦੇ ਇੱਕ ਅੰਗੂਠੇ ਉੱਤੇ ਉਸ ਮਰਜ਼ ਨੂੰ ਧਾਰਨ ਕਰ ਰੱਖਯਾ ਸੀ ਜਿਸ ਦੀ ਜਲਣਤਾ ਅਜੇਹੀ ਡਾਢੀ ਪੀੜਾ ਦੇ ਰਹੀ ਸੀ ਜੋ ਨੀਂਦ ਨਹੀਂ ਪੈਂਦੀ ਸੀ। ਸੋ ਜਦ ਤੱਕ ਗੁਰੂ ਅਮਰਦਾਸ ਜੀ ਆਪਣੇ ਮੂੰਹ ਵਿੱਚ ਅੰਗੂਠਾ ਲੈ ਕੇ ਬੈਠੇ ਰਹਿੰਦੇ ਓਤਨਾ ਚਿਰ ਨੀਂਦ ਆਉਂਦੀ। ਜਦ ਓਸ ਵਿੱਚੋਂ ਪਾਕ ਨਿੱਕਲ ਜਾਂਦੀ ਤਾਂ ਕੋਈ ਚਿਰ ਆਰਾਮ ਭੀ ਰਹਿੰਦਾ। ਇੱਕ ਦਿਨ ਓਸ ਪਾਕ ਦਾ ਦਾਗ਼ ਜਾਮੇ ਨੂੰ ਲੱਗਾ ਹੋਯਾ ਦੇਖ ਕੇ ਗੁਰੂ ਅਮਰਦਾਸ ਜੀ ਧੋਣ ਲੱਗੇ ਤਾਂ ਦਾਗ਼ ਉੱਤਰੇ ਨਹੀਂ, ਜਿਸ ਨੂੰ ਏਨ੍ਹਾਂ ਨੇ ਦੰਦਾਂ ਨਾਲ ਚੂਸ ਕੇ ਲਾਹਿਆ।

ਸੰਮਤ ੧੬੦੬ ਬਿਕ੍ਰਮੀ ਨੂੰ ਇੱਕ ਸੰਤ ਮੰਡਲੀ ਗੁਰੂ ਅੰਗਦ ਜੀ ਦੇ ਦਰਸ਼ਨ ਕਰਨ ਆਈ ਤੇ ਗੁਰੂ ਜੀ ਦੇ ਨੇਕ ਸੁਭਾਵ ਤੇ ਆਚਰਣ ਦੇਖ ਕੇ ਮੰਡਲੀ ਦੇ ਸਾਧੂ ਬਹੁਤ ਖ਼ੁਸ਼ ਹੋਏ। ਗੁਰੂ ਅਮਰਦਾਸ ਜੀ ਦੀ ਸੇਵਾ ਸ੍ਰਧਾ ਵੇਖ ਕੇ ਉਨ੍ਹਾਂ ਵਿੱਚੋਂ ਇੱਕ ਨੇ ਆਖਿਆ, "ਜੇ ਅੰਮ੍ਰਿਤੀ ਬੂਟੀ ਹੱਥ ਆਵੇ ਤਾਂ ਏਹ ਮਰਜ਼ ਹਟ ਜਾਏ।" ਗੁਰੂ ਅਮਰਦਾਸ ਜੀ ਓਸ ਸਾਧ ਨੂੰ ਨਾਲ ਲੈ ਕੇ ਬੂਟੀ ਖੋਜਣ ਚਲੇ ਗਏ। ਬਹੁਤ ਜੰਗਲ ਪਹਾੜ ਨਦੀਆਂ ਦੇ ਕਿਨਾਰੇ ਢੂੰਡੇ ਪਰ ਕਿਤੋਂ ਨਾ ਲੱਭੀ। ਓੜਕ ਜਦ ਓਸ ਢਾਬ ਕਿਨਾਰੇ ਆਏ, ਜਿਥੇ ਹੁਣ {ਅੰਮ੍ਰਿਤਸਰ ਵਾਲੀ ਥਾਂ ਤੋਂ ਅਮਰ ਬੂਟੀ ਮਿਲੀ} ਅੰਮ੍ਰਿਤਸਰ ਤੀਰਥ ਹੈ, ਤਾਂ ਓਥੋਂ ਅਮਰ ਬੂਟੀ ਲੱਭ ਪਈ। ਸੰਤ ਬੜੇ ਖ਼ੁਸ਼ੀ ਹੋਏ। ਜਦ ਓਹ ਰਗੜ ਕੇ ਗੁਰੂ ਅੰਗਦ ਜੀ ਦੇ ਚਰਨਾਂ ਨੂੰ ਲਾਈ ਤਾਂ ਤੁਰਤ ਪੀੜਾ ਦਾ ਆਰਾਮ ਹੋ ਗਿਆ।

## (ਪਾਃ ੨ - ੧੩)

## ਗੁਰੂ ਅਮਰਦਾਸ ਜੀ ਨੂੰ ਗੱਦੀ ਮਿਲਣੀ

ਗੁਰੂ ਅੰਗਦ ਜੀ ਤਾਂ ਗੁਰੂ ਅਮਰਦਾਸ ਜੀ ਉੱਪਰ ਪਹਿਲੇ ਹੀ ਸਰਬ ਪ੍ਰਕਾਰ ਖ਼ੁਸ਼ੀ ਸੇ। ਫੇਰ ਇੱਕ ਦਿਨ ਪੋਹ ਮਾਘ ਦੇ ਮਹੀਨੇ ਡਾਢੀ ਤੇਜ਼ ਬਰਖਾ ਤੇ ਪੌਣ ਵਿੱਚ ਗੁਰੂ ਅਮਰਦਾਸ ਜੀ {ਕਸਵੱਟੀ} ਜਦ ਜਲ ਦੀ ਭਰੀ ਹੋਈ ਗਾਗਰ ਬਿਆਸਾ ਤੋਂ ਲੈ ਕੇ ਆਏ ਤਾਂ ਰਾਹ ਵਿੱਚ ਪਿੰਡ ਦੇ ਪਾਸ ਇੱਕ ਜੁਲਾਹੇ ਦੀ ਮਾਣੀ ਖਿੱਚਣ ਵਾਲੀ ਕਿੱਲੀ ਸੀ, ਓਸ ਨਾਲ ਅੜ ਕੇ ਡਿੱਗ ਪਏ ਪਰੰਤੂ ਜਲ ਨਾ ਡੁੱਲ੍ਹਣ ਦਿੱਤਾ। ਜਦ ਗੁਰੂ ਜੀ ਇਸ ਪ੍ਰਕਾਰ ਡਿੱਗੇ ਤਾਂ ਬੜੇ ਖੜਾਕ ਹੋਣ ਦੀ ਆਵਾਜ਼ ਸੁਣ ਕੇ ਜੁਲਾਹੇ ਨੇ ਜੁਲਾਹੀ ਨੂੰ ਪੁਛਿਆ, "ਏਹ ਖੜਾਕ ਕੇਹਾ ਹੈ?" ਓਸ ਨੇ ਆਖਿਆ, "ਹੋਵੇਗਾ ਅਮਰੂ ਨਿਥਾਵਾਂ, ਨਿਮਾਣਾ, ਗੁਰੂ ਅੰਗਦ ਜੀ ਦਾ ਰੋਟੀਆ ਚਾਕਰ; ਜਿਸ ਨੂੰ ਨਾ ਦਿਨੇ ਆਰਾਮ ਹੈ ਨਾ ਰਾਤ। ਹੋਰ ਐਸ ਵੇਲੇ ਭਲਾ ਕੌਣ ਘਰ ਥੀਂ ਨਿੱਕਲਦਾ ਹੈ?" ਇਸ ਪ੍ਰਕਾਰ ਦੀਆਂ ਤਾਨ੍ਹੇ ਵਾਲੀਆਂ ਗੱਲਾਂ ਸੁਣ ਕੇ ਗੁਰੂ ਅਮਰਦਾਸ ਜੀ ਨੇ ਓਸੇ ਵੇਲੇ ਐਉਂ ਕਰ ਦਿੱਤੀਆਂ ਜਿਕੂੰ ਕਦੀ ਸੁਣੀਆਂ ਹੀ ਨਹੀਂ ਅਤੇ ਓਸੇ ਤਰ੍ਹਾਂ ਗਾਗਰ ਲੈ ਕੇ ਗੁਰੂ ਅੰਗਦ ਜੀ ਦਾ ਅਸ਼ਨਾਨ ਆ ਕਰਾਯਾ।

ਜਦ ਦਿਨ ਚੜ੍ਹਿਆ ਤਾਂ ਗੁਰੂ ਅੰਗਦ ਜੀ ਨੇ ਸਭਾ ਲਗਾ ਕੇ ਗੁਰੂ ਅਮਰਦਾਸ ਜੀ ਨੂੰ ਪੁੱਛਿਆ "ਪੁਰਖਾ! ਦੱਸ ਖਾਂ ਰਾਤੀਂ ਜੁਲਾਹੇ ਜੁਲਾਹੀ ਨੇ ਕੀ ਆਖਯਾ ਸੀ?" ਗੁਰੂ ਅਮਰਦਾਸ ਜੀ ਨੇ ਹੱਥ ਜੋੜ ਕੇ ਆਖਯਾ, "ਮਹਾਰਾਜ! ਆਪ ਘਟ ਘਟ ਦੀ ਜਾਨਣ ਵਾਲੇ ਹੋ ਆਪ ਤੋਂ ਕੁਛ ਗੁੱਝਾ ਨਹੀਂ।" ਤਦ ਗੁਰੂ ਅੰਗਦ ਜੀ ਨੇ ਸਾਰੀ ਸੰਗਤ ਨੂੰ ਜੁਲਾਹੀ ਵਾਲਾ ਪ੍ਰਸੰਗ ਸੁਣਾ ਕੇ ਗੁਰੂ ਅਮਰਦਾਸ ਜੀ ਨੂੰ ਬੁੱਕਲ ਵਿੱਚ ਲੈ ਕੇ ਏਹ ਵਰ ਦਿੱਤੇ, ਅਮਰਦਾਸ {ਪਾ: ੩ ਨੂੰ ਗੁਰਤਾ ਪ੍ਰਾਪਤ ਹੋਣੀ} 'ਨਿਮਾਣਿਆਂ ਦਾ ਮਾਣ' 'ਨਿਥਾਵਿਆਂ ਦਾ ਥਾਉਂ' 'ਨਿਓਟਿਆਂ ਦੀ ਓਟ' 'ਨਿਧਰਿਆਂ ਦੀ ਧਰਿ' 'ਨਿਆਸਰਿਆਂ ਦਾ ਆਸਰਾ' 'ਗਈ ਬਹੋੜ' 'ਬੰਦੀ ਛੋੜ' ਹੋਵੇਗਾ ਤੇ ਫੇਰ ਓਸੇ ਘੜੀ ਗੁਰੂ ਅਮਰਦਾਸ ਜੀ ਨੂੰ ਨਵੀਂ ਪੌਸ਼ਾਕ ਪਹਿਨਾ ਕੇ ਗੱਦੀ ਪਰ ਬੈਠਾ ਦਿੱਤਾ ਅਤੇ ੧ ਮਾਘ ਸੰਮਤ ੧੬੦੯ ਬਿਕ੍ਰਮੀ ਨੂੰ ਬਾਬੇ ਬੁੱਢੇ ਜੀ ਦੇ ਹੱਥੋਂ ਗੁਰਿਆਈ ਦਾ ਤਿਲਕ ਦਿਵਾਕਰ ਪੰਜ ਪੈਸੇ ਇੱਕ ਨਾਲੀਏਰ ਅੱਗੇ ਰੱਖ ਕੇ ਗੁਰੂ ਜੀ ਨੇ ਮੱਥਾ ਟੇਕ ਦਿੱਤਾ ਤੇ ਸਭ ਸੰਗਤ ਤੋਂ ਟਿਕਾ ਦਿੱਤਾ।

ਗੁਰੂ ਅੰਗਦ ਜੀ ਦੇ ਇੱਕ ਪੁੱਤ੍ਰ ਦਾਸੂ ਜੀ ਨੇ ਤਾਂ ਮੱਥਾ ਟੇਕ ਦਿੱਤਾ ਪਰ ਦੂਜੇ ਦਾਤੂ ਜੀ ਸਗੋਂ ਕ੍ਰੋਧਿਤ ਹੋ ਕੇ ਗਾਲੀਆਂ ਦਿੰਦੇ ਹੋਏ ਆਪਣੇ ਘਰ ਨੂੰ ਚਲੇ ਗਏ। ਗੁਰੂ ਅੰਗਦ ਜੀ ਨੇ ਬਚਨ ਕੀਤਾ ਅੱਜ ਤੋਂ ਜੋ ਕੋਈ ਅਮਰ ਦੇਵ ਜੀ ਨੂੰ ਮੇਰਾ ਸਰੂਪ ਕਰ ਕੇ ਮੰਨੇਗਾ ਸੋ ਨਿਹਾਲ ਹੋਵੇਗਾ।

ਏਥੇ ਏਹ ਭੀ ਦੱਸ ਦੇਣਾ ਜ਼ਰੂਰੀ ਹੈ ਕਿ ਗੁਰੂ ਅੰਗਦ ਜੀ ਬਰਸ ਪਿੱਛੋਂ ਜਦ ਹੋਰਨਾਂ ਸਿੱਖਾਂ ਸੇਵਕਾਂ ਨੂੰ ਰੁਜ਼ੀਨਾ ਪੁਸ਼ਾਕੀਆਂ ਦਿੰਦੇ ਹੁੰਦੇ ਸੇ ਤਾਂ ਗੁਰੂ ਅਮਰਦਾਸ ਜੀ ਨੂੰ ਭੀ ਇੱਕ ਚਾਦਰ, ਇੱਕ ਰੁਮਾਲ, ਇੱਕ ਦਸਤਾਰਾ, ਆਪਣਾ ਉਤਾਰ ਦੇ ਛੱਡਦੇ। ਗੁਰੂ ਅਮਰਦਾਸ ਜੀ ਦਸਤਾਰਾ ਤਾਂ ਸਿਰ ਬੰਨ੍ਹ ਛੱਡਦੇ ਤੇ ਤੀਸਰੇ ਬਰਸ ਜੋ ਇੱਕ ਕੰਬਲੀ ਮਿਲਦੀ ਓਸੇ ਵਿੱਚ ਗੁਜ਼ਾਰਾ ਕਰਦੇ ਰਹਿੰਦੇ, ਸੋ ਗੱਦੀ ਦੇਣ ਸਮੇਂ ਜਦ ਉਹ ਮੁੰਡਾਸਾ ਸਿਰ ਉਤੋਂ ਉਤਾਰਿਆ ਤਾਂ ਛੀ ਸੇਰ ਪੱਕੇ ਲਾਹੌਰੀ ਤੋਲ ਦਾ ਹੋਯਾ, ਜਿਸ ਨੂੰ ਵੇਖ ਕੇ ਗੁਰੂ ਜੀ ਨੇ ਏਹ ਵਰ ਦਿੱਤਾ ਕਿ ਇਹ 'ਵੱਡਾ ਭਾਰਾ ਗੁਰੂ ਹੋਵੇਗਾ।'